TRANSLATION - PUNJABI

Northern Ireland Statistics & Research agency

count me in
Census2001

# ਮਰਦਮਸ਼ੁਮਾਰੀ ਫ਼ਾਰਮ ਭਰਨ ਤੋਂ ਪਹਿਲਾਂ ਕਿਰਪਾ ਕਰਕੇ ਇਹ ਪੜ੍ਹੋ

ਇਹ ਪਰਚਾ ਸੰਨ 2001 ਵਾਲੀ ਮਰਦਮਸ਼ੁਮਾਰੀ ਵਿਚ ਹਿੱਸਾ ਲੈਣ ਵਿਚ ਤੁਹਾਡੀ ਮਦਦ ਕਰਨ ਲਈ ਤੁਹਾਡੀ ਭਾਸ਼ਾ ਵਿਚ ਤੁਹਾਨੂੰ ਦਿੱਤਾ ਗਿਆ ਹੈ। ਅੰਗ੍ਰੇਜ਼ੀ ਵਾਲਾ 2001 ਮਰਦਮਸ਼ੁਮਾਰੀ ਫ਼ਾਰਮ ਤੁਹਾਨੂੰ ਭਰਨਾ ਪਏਗਾ, ਅਤੇ ਇਹ ਤਰਜਮਾ ਤੁਹਾਨੂੰ ਇਹ ਦੱਸਣ ਲਈ ਹੈ ਕਿ ਫ਼ਾਰਮ ਕਿਵੇਂ ਭਰਨਾ ਚਾਹੀਦਾ ਹੈ।

ਇਸ ਪਰਚੇ ਦੇ ਅਗਲੇ ਸਫ਼ਿਆਂ 'ਤੇ 2001 Census Northern Ireland Household Form (ਨਾੱਰਦਰਨ ਆਇਰਲੈਂਡ ਦੀ 2001 ਦੀ ਮਰਦਮਸ਼ੁਮਾਰੀ ਦੇ ਘਰ–ਪਰਿਵਾਰਾਂ ਵਾਲੇ ਫ਼ਾਰਮ) ਦੇ ਸਵਾਲਾਂ ਅਤੇ ਹਿਦਾਇਤਾਂ ਵਿਚ ਤੁਹਾਡੇ ਘਰ– ਪਰਿਵਾਰ ਦੇ ਪਹਿਲੇ ਜੀਅ ਤਕ ਨੂੰ ਸ਼ਾਮਿਲ ਕੀਤਾ ਗਿਆ ਹੈ, ਅਤੇ ਤੁਹਾਨੂੰ ਆਪਣੇ ਘਰ–ਪਰਿਵਾਰ ਦੇ ਹਰ ਜੀਅ ਬਾਰੇ ਸਵਾਲਾਂ ਦਾ ਜਵਾਬ ਦੇਣਾ ਪਏਗਾ। ਹਰ ਕਿਸੇ ਬਾਰੇ ਇੱਕੋ ਜਿਹੇ ਸਵਾਲ ਪੁੱਛੇ ਗਏ ਹਨ, ਇਸ ਲਈ ਇਸ ਪਰਚੇ ਦੇ 6 ਤੋਂ 8 ਤਕ ਸਫ਼ਿਆਂ ਦੇ ਸਵਾਲਾਂ ਦੇ ਤਰਜਮੇ ਨਾਲ ਤੁਹਾਨੂੰ ਇਹ ਸਮਝਣ ਵਿਚ ਮਦਦ ਮਿਲੇਗੀ ਕਿ ਤੁਸੀਂ ਆਪਣੇ ਘਰ ਪਰਿਵਾਰ ਦੇ ਹਰ ਵਿਅਕਤੀ ਬਾਰੇ ਸਵਾਲਾਂ ਦੇ ਜਵਾਬ ਕਿਵੇਂ ਦੇਣੇ ਹਨ।

ਜੇ ਤੁਹਾਨੂੰ ਮਰਦਮਸ਼ੁਮਾਰੀ ਫ਼ਾਰਮ ਭਰਨ ਵਿਚ ਮੁਸ਼ਕਿਲ ਆਏ, ਤਾਂ ਤੁਸੀਂ ਸੈਂਸਸ ਲੈਂਗੁਏਜ ਹੈਲਪਲਾਈਨ (Census Language Helpline) ਨੂੰ ਨੰਬਰ 0845 3662001 'ਤੇ ਫ਼ੋਨ ਕਰਕੇ ਮਦਦ ਮੰਗ ਸਕਦੇ ਹੋ।

ਮਰਦਮਸ਼ੁਮਾਰੀ ਰਾਹੀਂ ਸਾਰੀ ਆਬਾਦੀ ਦੀ ਗਿਣਤੀ ਹਰ ਦਸ ਸਾਲਾਂ ਬਾਅਦ ਕੀਤੀ ਜਾਂਦੀ ਹੈ। ਮਰਦਮਸ਼ੁਮਾਰੀ ਨਾਲ ਮਿਲਣ ਵਾਲੀ ਜਾਣਕਾਰੀ ਦੀ ਵਰਤੋਂ ਸਾਡੇ ਸਭਨਾਂ ਦੀ ਭਲਾਈ ਲਈ ਕੀਤੀ ਜਾਂਦੀ ਹੈ। ਇਸ ਵਿਚ ਸਾਨੂੰ ਸਭਨਾਂ ਨੂੰ **ਸ਼ਾਮਿਲ ਕਰਨਾ** ਜ਼ਰੂਰੀ ਹੈ, ਤਾਕਿ ਸਾਨੂੰ ਉਹ ਸੇਵਾਵਾਂ ਮਿਲ ਸਕਣ ਜਿਹਨਾਂ ਦੀ ਸਾਨੂੰ ਭਵਿੱਖ ਵਿਚ ਲੋੜ ਪਏਗੀ।
ਮਰਦਮਸ਼ੁਮਾਰੀ ਦੇ ਨਤੀਜਿਆਂ ਦੀ ਵਰਤੋਂ ਸਭਨਾਂ ਲਈ ਵੱਧੇਰੇ ਚੰਗੇ ਭੱਵਿਖ ਦੀ ਵੱਧੇਰੀ ਚੰਗੀ ਯੋਜਨਾਬੰਧੀ ਕਰਨ ਲਈ ਕੀਤੀ ਜਾਏਗੀ।

ਮਰਦਸ਼ੁਮਾਰੀ ਦਾ ਕੰਮ ਪੂਰੀ ਰਾਜ਼ਦਾਰੀ ਨਾਲ ਕੀਤਾ ਜਾਏਗਾ – ਤੁਹਾਡੇ ਬਾਰੇ ਨਿਜੀ ਜਾਣਕਾਰੀ ਕਿਸੇ ਹੋਰ ਨੂੰ ਨਹੀਂ ਦਿੱਤੀ ਜਾਏਗੀ।

ਮਰਦਮਸ਼ੁਮਾਰੀ ਫ਼ਾਰਮ ਭਰ ਕੇ ਭੇਜਣਾ ਤੁਹਾਡਾ ਕਾਨੂੰਨੀ ਫ਼ਰਜ਼ ਹੈ।

**ਮਰਦਮਸ਼ੁਮਾਰੀ ਫ਼ਾਰਮ ਭਰ ਕੇ ਨਾਲ ਭੇਜੇ ਗਏ ਲਿਫ਼ਾਫ਼ੇ ਵਿਚ ਪਾ ਕੇ ਐਤਵਾਰ 29 ਅਪ੍ਰੈਲ ਤੋਂ ਬਾਅਦ ਜਿੰਨੀ ਵੀ ਛੇਤੀ ਹੋ ਸਕੇ ਭੇਜੋ। ਲਿਫ਼ਾਫ਼ੇ 'ਤੇ ਡਾਕ ਟਿਕਟ ਲਾਉਣ ਦੀ ਲੋੜ ਨਹੀਂ।**

**ਨਾਰਦਰਨ ਆਇਰਲੈਂਡ ਮਰਦਮਸ਼ੁਮਾਰੀ**
**29 ਅਪ੍ਰੈਲ 2001**

# ਮਰਦਮਸ਼ੁਮਾਰੀ ਦੇ ਨਤੀਜਿਆਂ ਦੀ ਵਰਤੋਂ ਕਿਵੇਂ ਕੀਤੀ ਜਾਏਗੀ

ਮਰਦਮਸ਼ੁਮਾਰੀ ਸਰਕਾਰੀ ਅਤੇ ਕਾਰੋਬਾਰੀ ਕੰਮਾਂ ਦੀਆਂ ਅਗਾਊਂ ਯੋਜਨਾਵਾਂ ਬਣਾਉਣ ਲਈ ਅਤੇ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਅਤੇ ਸਹੂਲਤਾਂ ਦੇਣ ਲਈ ਅਤੀ ਜ਼ਰੂਰੀ ਹੈ।

### ਲੋਕ

ਇਲਾਕਾਈ ਅਤੇ ਸਥਾਨਕ ਪੱਧਰ 'ਤੇ ਮਿਲਣ ਵਾਲੀਆਂ ਕਈ ਕਿਸਮ ਦੀਆਂ ਸਹੂਲਤਾਂ, ਜਿਹਨਾਂ ਵਿਚ ਸਿਹਤ ਨਾਲ ਸੰਬੰਧਤ ਸਹੂਲਤਾਂ ਵੀ ਸ਼ਾਮਿਲ ਹਨ, ਲਈ ਪੈਸੇ ਦੇਣ ਵੇਲੇ ਉੱਥੇ ਰਹਿਣ ਵਾਲੇ ਲੋਕਾਂ ਦੀ ਗਿਣਤੀ ਅਤੇ ਉਮਰ ਵਲ ਧਿਆਨ ਦੇਣਾ ਪੈਂਦਾ ਹੈ। ਇਸ ਜਾਣਕਾਰੀ ਦੀ ਵਰਤੋਂ ਸਕੂਲਾਂ ਅਤੇ ਬਜ਼ੁਰਗਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਵਿਉਂਤਬੰਦੀ ਕਰਨ ਲਈ ਵੀ ਕੀਤੀ ਜਾਏਗੀ।

### ਰਿਹਾਇਸ਼ੀ

ਤੁਹਾਡੇ ਘਰ ਬਾਰੇ ਪੁੱਛੇ ਗਏ ਸਵਾਲਾਂ ਤੋਂ ਖ਼ਾਸ ਗਰੁੱਪਾਂ, ਜਿਵੇਂ ਕਿ ਬੱਚਿਆਂ ਵਾਲੇ ਪਰਿਵਾਰਾਂ ਅਤੇ ਬਜ਼ੁਰਗ ਲੋਕਾਂ, ਦੀਆਂ ਰਿਹਾਇਸ਼ ਦੀਆਂ ਹੁਣ ਦੀਆਂ ਲੋੜਾਂ ਅਤੇ ਆਉਣ ਵਾਲੇ ਸਮੇਂ ਵਿਚ ਲੋੜਾਂ ਦਾ ਹਿਸਾਬ ਲਾਉਣ ਵਿਚ ਮਦਦ ਮਿਲੇਗੀ। ਰਹਿਣ ਲਈ ਲੋੜ ਤੋਂ ਘੱਟ ਥਾਵਾਂ ਜਾਂ ਤੰਗ ਘਰਾਂ ਵਿਚ ਜ਼ਿਆਦਾ ਲੋਕਾਂ ਦੀ ਰਿਹਾਇਸ਼ ਤੋਂ ਭਵਿੱਖ ਲਈ ਯੋਜਨਾਬੰਦੀ ਕਰਨ ਵਿਚ ਮਦਦ ਮਿਲੇਗੀ।

### ਰੁਜ਼ਗਾਰ

ਕਿਹੜੇ ਇਲਾਕਿਆਂ ਵਿਚ ਕਿੰਨੇ ਲੋਕ ਵੱਖ ਵੱਖ ਨੌਕਰੀਆਂ 'ਤੇ ਜਾਂ ਸਨਅਤਾਂ ਵਿਚ ਕੰਮ ਕਰਦੇ ਹਨ – ਇਹ ਪਤਾ ਲਗਣ ਨਾਲ ਸਰਕਾਰ ਨੂੰ ਕੰਮ ਦੀਆਂ ਯੋਗਤਾਵਾਂ ਦੀ ਘਾਟ ਬਾਰੇ ਪਤਾ ਲੱਗੇਗਾ ਅਤੇ ਭੱਵਿਖ ਵਿਚ ਉਹ ਸਿਖਲਾਈ ਦੇਣ ਦੀਆਂ ਯੋਜਨਾਵਾਂ ਬਣਾ ਸਕੇਗੀ। ਅਸੀਂ ਤੁਹਾਨੂੰ ਕੰਮ ਦੇਣ ਵਾਲੇ ਦਾ ਪਤਾ ਕੰਮ 'ਤੇ ਲੋਕਾਂ ਦੀ ਆਵਾਜਾਈ ਦਾ ਹਿਸਾਬ ਲਾਉਣ ਲਈ ਪੁੱਛ ਰਹੇ ਹਾਂ। ਤੁਹਾਡੇ ਕੰਮ ਦੇ ਮਾਲਿਕ ਨਾਲ ਅਸੀਂ ਸੰਪਰਕ ਨਹੀਂ ਕਰਾਂਗੇ।

### ਸਿਹਤ ਅਤੇ ਦੇਖਭਾਲ

ਲੋਕਾਂ ਦੀ ਸਿਹਤ ਬਾਰੇ ਮਿਲੀ ਜਾਣਕਾਰੀ ਨਾਲ ਤੁਹਾਡੇ ਇਲਾਕੇ ਵਿਚ ਸਹੀ ਕਿਸਮ ਦੀਆਂ ਸਿਹਤ ਸੇਵਾਵਾਂ ਦੇਣ ਵਿਚ ਮਦਦ ਮਿਲਦੀ ਹੈ। ਆਮ ਸਿਹਤ ਬਾਰੇ ਮਿਲੀ ਜਾਣਕਾਰੀ ਤੋਂ ਇਹ ਹਿਸਾਬ ਲਾਉਣ ਵਿਚ ਮਦਦ ਮਿਲੇਗੀ ਕਿ ਆਉਣ ਵਾਲੇ ਸਮੇਂ ਵਿਚ ਤੁਹਾਡੀ ਕਮਿਉਨਿਟੀ ਨੂੰ ਕਿੰਨੇ ਜੀ ਪੀ ਡਾਕਟਰਾਂ ਅਤੇ ਕਿਹੜੀਆਂ ਸਿਹਤ ਸੇਵਾਵਾਂ ਦੀ ਲੋੜ ਪਏਗੀ। ਇਸ ਤਰ੍ਹਾਂ ਮੁਫ਼ਤ ਦੇਖਭਾਲ ਬਾਰੇ ਮਿਲੀ ਜਾਣਕਾਰੀ ਤੋਂ ਸੋਸ਼ਲ ਸਰਵਿਸਿਜ਼ ਨੂੰ ਇਸ ਸਹੂਲਤ ਦਾ ਹਿਸਾਬ ਲਾਉਣ ਵਿਚ ਮਦਦ ਮਿਲੇਗੀ।

### ਆਵਾਜਾਈ

ਤੁਸੀਂ ਕੰਮ 'ਤੇ ਕਿਵੇਂ ਆਉਂਦੇ ਜਾਂਦੇ ਹੋ, ਅਤੇ ਕਿੰਨੇ ਲੋਕਾਂ ਕੋਲ ਕਾਰਾਂ ਹਨ, ਇਸ ਜਾਣਕਾਰੀ ਦੀ ਮਦਦ ਨਾਲ ਸਰਕਾਰ ਅਤੇ ਹੋਰਨਾਂ ਨੂੰ ਆਉਣ ਵਾਲੇ ਸਮੇਂ ਵਿਚ ਆਵਾਜਾਈ ਰੁਝਾਨ੍ਹਾਂ ਬਾਰੇ ਜਾਨਣ, ਪਬਲਿਕ ਟ੍ਰਾਂਸਪੋਰਟ ਵਿਚ ਸੁਧਾਰ ਕਰਨ ਅਤੇ ਟ੍ਰੈਫ਼ਿਕ ਦੇ ਭੀੜ ਭੜੱਕੇ ਨੂੰ ਹਟਾਉਣ ਵਿਚ ਮਦਦ ਮਿਲੇਗੀ।

**ਜੇ ਇਹ ਫ਼ਾਰਮ ਭਰਨ ਵਿਚ ਤੁਹਾਨੂੰ ਮੁਸ਼ਕਿਲ ਆ ਰਹੀ ਹੈ, ਤਾਂ ਸੈਂਸਸ ਲੈਂਗੁਏਜ ਹੈਲਪਲਾਈਨ ਨੂੰ ਇਸ ਨੰਬਰ 'ਤੇ ਫ਼ੋਨ ਕਰੋ *0845 3662001* (ਲੋਕਲ ਕਾਲ ਰੇਟ)**

**ਮਰਦਮਸ਼ੁਮਾਰੀ ਬਾਰੇ ਜਾਣਕਾਰੀ ਇੰਟਰਨੈੱਟ ਤੇ ਇਸ ਪਤੇ ਤੋਂ ਵੀ ਲਈ ਜਾ ਸਕਦੀ ਹੈ**
***www.nicensus2001.gov.uk***

**ਨਾਰਦਰਨ ਆਇਰਲੈਂਡ ਸੈਂਸਸ**

***29 ਅਪ੍ਰੈਲ 2001***

**ਕਿਰਪਾ ਕਰਕੇ ਇਸ ਫ਼ਾਰਮ ਦੀ ਅੰਗਰੇਜ਼ੀ ਵਾਲੀ ਕਾਪੀ ਨੂੰ ਭਰੋ**

**H5**

Northern Ireland Statistics & Research agency

# ਨਾਰਦਰਨ ਆਇਰਲੈਂਡ ਸੈਂਸਸ

## 29 ਅਪ੍ਰੈਲ 2001

# count me in

**ਘਰ–ਪਰਿਵਾਰ ਫ਼ਾਰਮ**

ਸੈਂਸਸ ਹੈਲਪਲਾਈਨ 0845 3020011 ਬੋਲੇ ਲੋਕਾਂ ਲਈ ਟੈਕਸਟ ਫ਼ੋਨ 0845 3032001 ਵੈਬਸਾਈਟ www.nicensus2001.gov.uk

**ਘਰ ਪਰਿਵਾਰ ਦੇ ਮੁਖੀ ਲਈ**

ਮਰਦਮਸ਼ੁਮਾਰੀ ਰਾਹੀਂ ਦੇਸ਼ ਵਿਚ ਰਹਿਣ ਵਾਲੇ ਸਾਰੇ ਲੋਕਾਂ ਦੀ ਗਿਣਤੀ ਹਰ ਦਸ ਸਾਲਾਂ ਬਾਅਦ ਕੀਤੀ ਜਾਂਦੀ ਹੈ। ਕੇਂਦਰੀ ਸਰਕਾਰ ਅਤੇ ਸਥਾਨਕ ਸਰਕਾਰਾਂ, ਹੈਲਥ ਅਥਾਰਿਟੀਆਂ ਅਤੇ ਹੋਰ ਕਈ ਜਥੇਬੰਦੀਆਂ ਮਰਦਮਸ਼ੁਮਾਰੀ ਵਾਲੀ ਜਾਣਕਾਰੀ ਦੀ ਵਰਤੋਂ ਸਭਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਵਿਉਂਤਬੰਦੀ ਕਰਨ ਅਤੇ ਉਹਨਾਂ ਲਈ ਵਸੀਲੇ ਜੁਟਾਉਣ ਲਈ ਕਰਦੀਆਂ ਹਨ। ਨਾਰਦਰਨ ਆਇਰਲੈਂਡ ਦੀ ਮਰਦਮਸ਼ੁਮਾਰੀ ਦਾ ਇਹ ਕੰਮ ਨਾਰਦਰਨ ਆਇਰਲੈਂਡ ਸਟੈਟਿਸਟਿਕਸ ਐਂਡ ਰਿਸਰਚ ਏਜੰਸੀ ਕਰਦੀ ਹੈ।

**ਫ਼ਾਰਮ ਭਰਨਾ**

ਮਰਦਮਸ਼ੁਮਾਰੀ ਫ਼ਾਰਮ ਭਰਨਾ ਸੈਂਸਸ ਐਕਟ (ਨਾਰਦਰਨ ਆਇਰਲੈਂਡ) 1969 ਦੇ ਅਨੁਸਾਰ ਲਾਜ਼ਮੀ ਹੈ। ਜੇ ਤੁਸੀਂ ਇਹ ਫ਼ਾਰਮ ਭਰਨੋਂ ਨਾਂਹ ਕਰੋਗੇ, ਜਾਂ ਇਸ ਵਿਚ ਗ਼ਲਤ ਜਾਣਕਾਰੀ ਦਿਓਗੇ, ਤਾਂ ਤੁਹਾਨੂੰ ਜੁਰਮਾਨਾ ਕੀਤਾ ਜਾ ਸਕਦਾ ਹੈ। ਧਰਮ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਦੇਣਾ ਲਾਜ਼ਮੀ ਨਹੀਂ। ਫ਼ਾਰਮ ਭਰ ਕੇ ਭੇਜਣ ਦੀ ਤੁਹਾਡੀ ਜ਼ਿੰਮੇਦਾਰੀ ਤਦ ਤਕ ਪੂਰੀ ਨਹੀਂ ਹੁੰਦੀ ਜਦ ਤਕ ਭਰਿਆ ਫ਼ਾਰਮ ਸਾਡੇ ਕੋਲ ਪਹੁੰਚ ਨਹੀਂ ਜਾਂਦਾ। ਜੇ ਤੁਹਾਨੂੰ ਮਦਦ ਦੀ ਲੋੜ ਹੈ, ਤਾਂ ਕਿਰਪਾ ਕਰਕੇ ਤੁਸੀਂ ਸੈਂਸਸ ਹੈਲਪਲਾਈਨ ਨਾਲ ਗੱਲ ਕਰੋ।

**ਰਾਜ਼ਦਾਰੀ**

ਤੁਹਾਡੇ ਵਲੋਂ ਦਿੱਤੀ ਜਾਣਕਾਰੀ ਕਾਨੂੰਨੀ ਤੌਰ 'ਤੇ ਸੁਰੱਖਿਅਤ ਹੈ ਅਤੇ ਇਹਨੂੰ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਂਦਾ। ਇਸ ਜਾਣਕਾਰੀ ਦੀ ਵਰਤੋਂ ਸਿਰਫ਼ ਅੰਕੜੇ ਤਿਆਰ ਕਰਨ ਲਈ ਕੀਤੀ ਜਾਂਦੀ ਹੈ। ਮਰਦਮਸ਼ੁਮਾਰੀ ਵਾਲੀ ਜਾਣਕਾਰੀ ਨੂੰ ਗ਼ਲਤ ਢੰਗ ਨਾਲ ਹੋਰਨਾਂ ਨੂੰ ਦੇਣ ਵਾਲੇ 'ਤੇ ਮੁਕਦਮਾ ਚਲਾਇਆ ਜਾ ਸਕਦਾ ਹੈ। ਤੁਹਾਡੇ ਫ਼ਾਰਮ 'ਤੇ ਦਿੱਤੀ ਜਾਣਕਾਰੀ ਨੂੰ ਪਬਲਿਕ ਰੈਕਾਰਡਜ਼ ਐਕਟ (ਨਾਰਦਰਨ ਆਇਰਲੈਂਡ) 1923 ਦੇ ਹੇਠ ਸੁਰੱਖਿਅਤ ਰੱਖਿਆ ਜਾਏਗਾ।

**ਤੁਹਾਡੇ ਸਹਿਯੋਗ ਲਈ ਧੰਨਵਾਦ।**

T. N. Caven

ਡਾਕਟਰ ਟੀ ਐਨ ਕੇਵਨ

**ਰਜਿਸਟਰਾਰ ਜਨਰਲ**

**ਨਾਰਦਰਨ ਆਇਰਲੈਂਡ**

**ਤੁਹਾਨੂੰ ਕੀ ਕਰਨਾ ਪੈਣਾ ਹੈ**

- ਤੁਹਾਡੇ ਘਰ–ਪਰਿਵਾਰ ਨੂੰ ਇਹ ਫ਼ਾਰਮ **ਕਾਲੀ ਜਾਂ ਨੀਲੀ ਸਿਆਹੀ** ਨਾਲ ਭਰਨਾ ਚਾਹੀਦਾ ਹੈ। ਘਰ–ਪਰਿਵਾਰ (ਹਾਊਸਹੋਲਡ) ਦਾ ਮਤਲਬ ਹੈ:
  - ਇਕੱਲਾ ਰਹਿਣ ਵਾਲਾ ਇਕ ਵਿਅਕਤੀ, ਜਾਂ
  - ਇੱਕੋ ਪਤੇ 'ਤੇ ਰਹਿਣ ਵਾਲੇ ਅਤੇ ਸਾਂਝਾ ਘਰ ਚਲਾਉਣ ਵਾਲੇ ਲੋਕਾਂ ਦਾ ਗਰੁਪ (ਜ਼ਰੂਰੀ ਨਹੀਂ ਕਿ ਉਹ ਰਿਸ਼ਤੇਦਾਰ ਹੋਣ) – ਜਿਹਨਾਂ ਦਾ ਉੱਠਣ ਬੈਠਣ ਜਾਂ ਮਿਲਣ ਗਿਲਣ ਦਾ ਕਮਰਾ ਸਾਂਝਾ ਹੋਵੇ, ਜਾਂ ਦਿਨ ਵਿਚ ਘੱਟੋ ਘੱਟ ਇਕ ਵਾਰ ਖਾਣਾ ਉਹ ਇਕੱਠੇ ਖਾਂਦੇ ਹੋਣ।
- ਇਹ ਫ਼ਾਰਮ ਛੇ ਲੋਕਾਂ ਲਈ ਹੈ। ਜੇ ਤੁਹਾਡੇ ਘਰ ਪਰਿਵਾਰ ਵਿਚ ਛੇ ਤੋਂ ਵੱਧ ਲੋਕ ਹਨ ਤਾਂ ਤੁਹਾਨੂੰ ਵਾਧੂ ਫ਼ਾਰਮ ਦੀ ਲੋੜ ਪਏਗੀ।
- (ਸਫ਼ਾ 2) ਟੇਬਲ 1 ਵਿਚ, ਘਰ ਪਰਿਵਾਰ ਦੇ ਜੀਆਂ ਦੀ ਲਿਸਟ ਦਿਓ। ਉਸੇ ਸਫ਼ੇ 'ਤੇ ਟੇਬਲ 2 ਵਿਚ ਤੁਸੀਂ ਪ੍ਰਾਹੁਣਿਆਂ ਦੇ ਨਾਂ ਲਿਖ ਸਕਦੇ ਹੋ।
- ਆਪਣੀ ਰਿਹਾਇਸ਼ ਬਾਰੇ ਸਵਾਲਾਂ ਦੇ ਜਵਾਬ ਦਿਓ (ਸਫ਼ਾ 3)।
- ਰਿਸ਼ਤੇਦਾਰੀ ਵਾਲਾ ਹਿੱਸਾ ਭਰੋ (ਸਫ਼ਾ 4 ਅਤੇ 5 'ਤੇ)
- ਘਰ–ਪਰਿਵਾਰ ਦੇ ਜਿਹਨਾਂ ਜੀਆਂ ਦੇ ਨਾਂ ਟੇਬਲ 1 ਵਿਚ ਦਿੱਤੇ ਹਨ, ਉਹਨਾਂ ਵਿਚੋਂ ਹਰ ਇਕ ਬਾਰੇ ਨਿਜੀ ਜਾਣਕਾਰੀ ਦੇਣ ਵਾਲਾ (3 ਸਫ਼ਿਆਂ ਦਾ) ਪਰਸਨ ਸੈਕਸ਼ਨ ਭਰਨਾ ਨਾ ਭੁੱਲੋ।
- ਜਿਹੜੇ ਸੈਕਸ਼ਨ ਨਹੀਂ ਭਰਨੇ ਉਹਨਾਂ ਨੂੰ ਖ਼ਾਲੀ ਛੱਡ ਦਿਓ।
- ਸਾਰਾ ਫ਼ਾਰਮ ਭਰਨ ਮਗਰੋਂ ਇਸ ਸਫ਼ੇ ਦੇ ਹੇਠਾਂ ਐਲਾਨ 'ਤੇ ਦਸਤਖ਼ਤ ਕਰੋ, ਅਤੇ ਭਰਿਆ ਫ਼ਾਰਮ (ਘਰ–ਪਰਿਵਾਰ ਨਾਲ ਸੰਬੰਧਤ ਹੋਰ ਫ਼ਾਰਮਾਂ ਸਮੇਤ) ਨਾਲ ਭੇਜੇ ਲਿਫ਼ਾਫ਼ੇ ਵਿਚ ਪਾ ਕੇ **ਵਾਪਸ ਭੇਜ ਦਿਓ**। ਲਿਫ਼ਾਫ਼ੇ 'ਤੇ ਡਾਕ–ਟਿਕਟ ਲਾਉਣ ਦੀ ਲੋੜ ਨਹੀਂ।

**ਮਦਦ ਲੈਣ ਲਈ ਜਾਂ ਵਾਧੂ ਫ਼ਾਰਮ ਲੈਣ ਲਈ ਸੈਂਸਸ ਹੈਲਪਲਾਈਨ ਨੂੰ ਨੰਬਰ 0845 3020011 'ਤੇ ਫ਼ੋਨ ਕਰੋ। ਇਸ ਨੰਬਰ 'ਤੇ ਹੋਣ ਵਾਲੀਆਂ ਸਾਰੀਆਂ ਕਾਲਾਂ ਦਾ ਖ਼ਰਚ ਲੋਕਲ ਰੇਟ ਹੁੰਦਾ ਹੈ।**

## ਐਲਾਨ

- ਇਹ ਫ਼ਾਰਮ ਭਰਨ ਮਗਰੋਂ ਇੱਥੇ ਦਸਤਖ਼ਤ ਕਰੋ। ਪਰ ਕਿਰਪਾ ਕਰਕੇ ਧਿਆਨ ਨਾਲ ਦੇਖ ਲਓ ਕਿ ਤੁਸੀਂ ਕੋਈ ਸਫ਼ਾ ਜਾਂ ਸਵਾਲ ਖ਼ਾਲੀ ਤਾਂ ਨਹੀਂ ਛੱਡ ਦਿੱਤਾ।

**ਇਹ ਫ਼ਾਰਮ ਮੇਰੀ ਜਾਣਕਾਰੀ ਅਤੇ ਵਿਸ਼ਵਾਸ ਅਨੁਸਾਰ ਠੀਕ ਢੰਗ ਨਾਲ ਭਰਿਆ ਗਿਆ ਹੈ।**

**ਦਸਤਖ਼ਤ**

**ਤਰੀਕ**

# ਕਿਰਪਾ ਕਰਕੇ ਇਸ ਫ਼ਾਰਮ ਦੀ ਅੰਗਰੇਜ਼ੀ ਵਾਲੀ ਕਾਪੀ ਨੂੰ ਭਰੋ

## ਟੇਬਲ 1 ਘਰ–ਪਰਿਵਾਰ ਦੇ ਮੈਂਬਰ

♦ **ਕਾਲੀ ਜਾਂ ਨੀਲੀ ਸਿਆਹੀ ਨਾਲ, ਆਪਣੇ ਘਰ–ਪਰਿਵਾਰ ਦੇ ਉਹਨਾਂ ਸਾਰੇ ਮੈਂਬਰਾਂ ਦੀ ਲਿਸਟ ਬਣਾਓ ਜਿਹੜੇ ਆਮ ਤੌਰ 'ਤੇ ਇਸ ਪਤੇ 'ਤੇ ਰਹਿੰਦੇ ਹਨ, ਇਹਨਾਂ ਵਿਚ ਆਪਣੇ ਆਪ ਨੂੰ ਵੀ ਸ਼ਾਮਿਲ ਕਰੋ।**

- **ਘਰ ਪਰਿਵਾਰ ਦੇ ਮੁਖੀ ਜਾਂ ਸਾਂਝੇ–ਮੁਖੀ ਤੋਂ ਸ਼ੁਰੂ ਕਰੋ।**
- **ਜੇ ਕੋਈ 29 ਅਪ੍ਰੈਲ 2001 ਵਾਲੀ ਰਾਤ ਨੂੰ ਕੁਝ ਸਮੇਂ ਲਈ ਘਰੋਂ ਦੂਰ ਗਿਆ/ਗਈ ਸੀ, ਪਰ ਆਮ ਤੌਰ 'ਤੇ ਉਹ ਕਿਸੇ ਪਤੇ 'ਤੇ ਰਹਿੰਦਾ/ਰਹਿੰਦੀ ਹੈ, ਤਾਂ ਉਹਨੂੰ ਸ਼ਾਮਿਲ ਕਰੋ।**
- **ਸਕੂਲ ਪੜ੍ਹਨ ਵਾਲੇ ਬੱਚਿਆਂ, ਅਤੇ ਵਿਦਿਆਰਥੀਆਂ ਨੂੰ ਸ਼ਾਮਿਲ ਕਰੋ ਜੇ ਉਹ ਸਕੂਲ, ਕਾਲਿਜ ਜਾਂ ਯੂਨਿਵਰਸਿਟੀ ਦੀ ਟਰਮ ਦੌਰਾਨ ਇਸ ਪਤੇ 'ਤੇ ਰਹਿੰਦੇ ਹਨ।**
- **ਸਕੂਲ ਪੜ੍ਹਨ ਵਾਲੇ ਉਹਨਾਂ ਬੱਚਿਆਂ, ਅਤੇ ਵਿਦਿਆਰਥੀਆਂ ਨੂੰ ਵੀ ਸ਼ਾਮਿਲ ਕਰੋ ਜਿਹੜੇ ਸਕੂਲ, ਕਾਲਿਜ ਜਾਂ ਯੂਨਿਵਰਸਿਟੀ ਦੀ ਟਰਮ ਦੌਰਾਨ ਇਸ ਘਰ ਵਿਚ ਨਹੀਂ ਰਹਿੰਦੇ ਅਤੇ ਜਿਹਨਾਂ ਬਾਰੇ ਸਿਰਫ਼ ਮੁਢਲੀ ਜਾਣਕਾਰੀ ਹੀ ਚਾਹੀਦੀ ਹੈ।**
- **30 ਅਪ੍ਰੈਲ 2001 ਤੋਂ ਪਹਿਲਾਂ ਜਨਮੇ ਬੱਚੇ ਨੂੰ ਸ਼ਾਮਿਲ ਕਰੋ, ਭਾਵੇਂ ਉਹ ਹਾਲੇ ਹਸਪਤਾਲ ਵਿਚ ਹੀ ਹੈ।**
- **ਇਕ ਤੋਂ ਵੱਧ ਪਤਿਆਂ (ਐਡਰੈੱਸਾਂ) ਵਾਲੇ ਲੋਕਾਂ ਨੂੰ ਸ਼ਾਮਿਲ ਕਰੋ ਜੇ ਉਹ ਆਪਣਾ ਜ਼ਿਆਦਾਤਰ ਸਮਾਂ ਇਸ ਪਤੇ 'ਤੇ ਰਹਿੰਦੇ ਹਨ।**
- **ਜੇ ਕੋਈ ਤੁਹਾਡੇ ਕੋਲ ਰਹਿੰਦਾ/ਰਹਿੰਦੀ ਹੈ ਅਤੇ ਉਹਦਾ ਆਪਣਾ ਆਮ ਐਡਰੈੱਸ ਕੋਈ ਨਹੀਂ ਹੈ, ਤਾਂ ਉਹਨੂੰ ਸ਼ਾਮਿਲ ਕਰੋ।**
- **ਜੇ ਕੋਈ ਪਤੀ/ਪਤਨੀ ਜਾਂ ਸਹਵਾਸੀ (ਪਾਰਟਨਰ) ਘਰੋਂ ਦੂਰ ਕੰਮ ਕਰਦਾ/ਕਰਦੀ ਹੈ, ਜਾਂ ਆਰਮਡ ਫ਼ੋਰਸਿਜ਼ (ਫ਼ੌਜ, ਨੇਵੀ ਜਾਂ ਏਅਰਫ਼ੋਰਸ) ਵਿਚ ਕੰਮ ਕਰਦਾ/ਕਰਦੀ ਹੈ, ਅਤੇ ਆਮ ਤੌਰ 'ਤੇ ਇਸ ਪਤੇ 'ਤੇ ਰਹਿੰਦਾ/ਰਹਿੰਦੀ ਹੈ, ਤਾਂ ਉਹਨੂੰ ਸ਼ਾਮਿਲ ਕਰਨਾ ਯਾਦ ਰੱਖੋ।**

♦ **ਜੇ 16 ਸਾਲ ਜਾਂ ਵੱਧ ਉਮਰ ਦੇ ਤੁਹਾਡੇ ਘਰ–ਪਰਿਵਾਰ ਦੇ ਕਿਸੇ ਮੈਂਬਰ ਨੂੰ ਕਿਸੇ ਪ੍ਰਾਈਵੇਟ ਗੱਲ ਕਾਰਨ ਵੱਖਰਾ ਫ਼ਾਰਮ ਚਾਹੀਦਾ ਹੈ, ਤਾਂ ਕਿਰਪਾ ਕਰਕੇ ਸੈਂਸਸ ਹੈਲਪਲਾਈਨ ਨਾਲ ਗੱਲ ਕਰੋ ਅਤੇ 'ਵੱਖਰਾ ਫ਼ਾਰਮ' ਨਾਂ ਦੇ ਕਾਲਮ ਵਿਚ ਢੁਕਵੇਂ ਖ਼ਾਨੇ ਵਿਚ ✓ ਦਾ ਨਿਸ਼ਾਨ ਲਾਓ।**

| ਵਿਅਕਤੀ ਨੰਬਰ | ਵੱਖਰਾ ਫ਼ਾਰਮ |
|---|---|
| ਵਿਅਕਤੀ ਨੰਬਰ 1 | |
| ਵਿਅਕਤੀ ਨੰਬਰ 2 | |
| ਵਿਅਕਤੀ ਨੰਬਰ 3 | |
| ਵਿਅਕਤੀ ਨੰਬਰ 4 | |
| ਵਿਅਕਤੀ ਨੰਬਰ 5 | |
| ਵਿਅਕਤੀ ਨੰਬਰ 6 | |
| ਜੇ ਤੁਹਾਡੇ ਘਰ ਵਿਚ 6 ਤੋਂ ਵੱਧ ਲੋਕ ਰਹਿੰਦੇ ਹਨ, ਤਾਂ ਤੁਹਾਨੂੰ ਵਾਧੂ ਫ਼ਾਰਮ ਦੀ ਲੋੜ ਪਏਗੀ। ਇਹਦੇ ਲਈ ਕਿਰਪਾ ਕਰਕੇ ਸੈਂਸਸ ਹੈਲਪਲਾਈਨ ਨਾਲ ਸੰਪਰਕ ਕਰੋ | |
| ਵਿਅਕਤੀ ਨੰਬਰ 7 | |
| ਵਿਅਕਤੀ ਨੰਬਰ 8 | |
| ਵਿਅਕਤੀ ਨੰਬਰ 9 | |
| ਵਿਅਕਤੀ ਨੰਬਰ 10 | |
| ਵਿਅਕਤੀ ਨੰਬਰ 11 | |
| ਵਿਅਕਤੀ ਨੰਬਰ 12 | |

## ਟੇਬਲ 2 ਪ੍ਰਾਹੁਣੇ

♦ ਇਹ ਫ਼ਾਰਮ ਭਰਨ ਵਿਚ ਆਪਣੀ ਮਦਦ ਕਰਨ ਲਈ ਤੁਸੀਂ ਟੇਬਲ 2 ਵਿਚ ਇਸ ਪਤੇ 'ਤੇ 29 ਅਪ੍ਰੈਲ 2001 ਦੀ ਰਾਤ ਨੂੰ ਆਏ ਪ੍ਰਾਹੁਣਿਆਂ ਦੇ ਨਾਂ ਭਰ ਸਕਦੇ ਹੋ, ਜੋ ਆਮ ਤੌਰ 'ਤੇ ਕਿਸੇ ਹੋਰ ਪਤੇ 'ਤੇ ਰਹਿੰਦੇ ਹਨ।

♦ ਜੇ ਇਸ ਪਤੇ 'ਤੇ ਸਿਰਫ਼ ਪ੍ਰਾਹੁਣੇ ਹੀ ਰਹਿੰਦੇ ਹਨ, ਤਾਂ (ਸਫ਼ਾ 3 'ਤੇ) ਸਵਾਲ H1 ਤੋਂ H6 ਤਕ ਜਵਾਬ ਦਿਓ। ਹੋਰ ਕਿਸੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ।

| ਪਹਿਲਾ ਨਾਂ ਅਤੇ ਪਰਿਵਾਰਕ ਨਾਂ | ਪਤਾ |
|---|---|
| | |

# ਕਿਰਪਾ ਕਰਕੇ ਇਸ ਫ਼ਾਰਮ ਦੀ ਅੰਗਰੇਜ਼ੀ ਵਾਲੀ ਕਾਪੀ ਨੂੰ ਭਰੋ

## ਬਾਕੀ ਦੇ ਸਵਾਲਾਂ ਦਾ ਜਵਾਬ ਕਿਵੇਂ ਦੇਣਾ ਹੈ

**ਯਾਦ ਰੱਖੋ ਕਿ ਤੁਸੀਂ ਕਾਲੀ ਜਾਂ ਨੀਲੀ ਸਿਆਹੀ ਦੀ ਵਰਤੋਂ ਕਰਨੀ ਹੈ।**

ਢੁਕਵੇਂ ਖ਼ਾਨੇ ਵਿਚ ਇਹ ਸਹੀ ਦਾ ਨਿਸ਼ਾਨ ☑ ਲਾਓ। ਜੇ ਤੁਸੀਂ ਕਿਸੇ ਗ਼ਲਤ ਖ਼ਾਨੇ ਵਿਚ ਨਿਸ਼ਾਨ ਲਾ ਦਿਓ ਤਾਂ ਉਸ ਖ਼ਾਨੇ ਨੂੰ ਇਸ ਤਰ੍ਹਾਂ ਭਰ ਦਿਓ ■ ਅਤੇ ਸਹੀ ਖ਼ਾਨੇ ਵਿਚ ਇਹ ਨਿਸ਼ਾਨ ਲਾਓ ☑

ਜਿੱਥੇ ਤੁਹਾਨੂੰ ਕਿਸੇ ਸਵਾਲ ਦਾ ਜਵਾਬ ਲਿਖ ਕੇ ਦੇਣਾ ਪੈਣਾ ਹੈ, ਉੱਥੇ ਅੰਗਰੇਜ਼ੀ ਦੇ ਵੱਡੇ ਅੱਖਰਾਂ ਦੀ ਵਰਤੋਂ ਕਰੋ ਅਤੇ ਹਰ ਸ਼ਬਦ ਦੇ ਵਿਚਕਾਰ ਇਕ ਅੱਖਰ ਜਿੰਨੀ ਥਾਂ ਛੱਡੋ। ਜੇ ਕੋਈ ਸ਼ਬਦ ਕਿਸੇ ਲਾਈਨ ਵਿਚ ਫ਼ਿਟ ਨਾ ਹੁੰਦਾ ਹੋਵੇ, ਤਾਂ ਉਹਨੂੰ ਅਗਲੀ ਲਾਈਨ ਵਿਚ ਲਿਖੋ।

**9** ਤੁਹਾਡਾ ਜਨਮ ਕਿਹੜੇ ਦੇਸ਼ ਵਿਚ ਹੋਇਆ ਸੀ?

☑ ਕਿਧਰੇ ਹੋਰ, ਉਸ ਦੇਸ਼ ਦਾ ਹੁਣ ਵਾਲਾ ਨਾਂ ਭਰੋ

| S | O | U | T | H | | | | | |
|---|---|---|---|---|---|---|---|---|---|
| A | F | R | I | C | A | | | | |

## ਘਰ–ਪਰਿਵਾਰ ਦੀ ਰਿਹਾਇਸ਼

**H1** **ਤੁਹਾਡੇ ਘਰ–ਪਰਿਵਾਰ ਦੀ ਰਿਹਾਇਸ਼ ਕਿਹੋ ਜਿਹੀ ਹੈ?**

**ਪੂਰਾ ਘਰ ਜਾਂ ਬੰਗਲੋ ਜੋ ਹੈ:**

- ਡਿਟੈਚਡ
- ਸੈਮੀ–ਡਿਟੈਚਡ
- ਟੈਰਸਡ (ਐਂਡ ਟੈਰਸਡ ਵੀ)

**ਇੱਕ ਫ਼ਲੈਟ, ਮੇਜ਼ਨੈੱਟ ਜਾਂ ਅਪਾਰਟਮੈਂਟ ਜੋ ਹੈ,**

- ਖ਼ਾਸ ਤੌਰ 'ਤੇ ਬਣਾਏ ਫ਼ਲੈਟਾਂ ਦੇ ਬਲਾਕ ਜਾਂ ਟੈਨੀਮੈਂਟ ਵਿਚ
- ਬਦਲਾਏ ਗਏ ਜਾਂ ਸਾਂਝੇ ਘਰ ਵਿਚ (ਬੈੱਡਸਿਟਸ ਸਮੇਤ)
- ਕਿਸੇ ਵਪਾਰਕ ਇਮਾਰਤ ਵਿਚ (ਜਿਵੇਂ ਕਿ ਕਿਸੇ ਦਫ਼ਤਰ ਵਾਲੀ, ਬਿਲਡਿੰਗ, ਜਾਂ ਹੋਟਲ ਵਿਚ ਜਾਂ ਦੁਕਾਨ ਦੇ ਉੱਤੇ)

**ਚਲੰਤ ਜਾਂ ਆਰਜ਼ੀ ਢਾਂਚਾ:**

- ਕੈਰਾਵਾਨ ਜਾਂ ਹੋਰ ਚਲੰਤ ਜਾਂ ਆਰਜ਼ੀ ਢਾਂਚਾ

**H2** **ਕੀ ਤੁਹਾਡੇ ਘਰ–ਪਰਿਵਾਰ ਦੀ ਰਿਹਾਇਸ਼ ਆਪਣੇ ਆਪ ਘਰ ਵਿਚ ਮੁਕੰਮਲ ਹੈ?**

♦ **ਇਹਦਾ ਮਤਲਬ ਹੈ ਕਿ ਕਿਚਨ, ਬਾਥ ਅਤੇ ਟਾਇਲਟ ਸਮੇਤ ਸਾਰੇ ਕਮਰੇ ਕਿਸੇ ਅਜਿਹੇ ਬੂਹੇ ਦੇ ਪਿੱਛੇ ਹਨ ਜਿਹਦੀ ਵਰਤੋਂ ਸਿਰਫ਼ ਤੁਹਾਡਾ ਘਰ ਪਰਿਵਾਰ ਹੀ ਕਰ ਸਕਦਾ ਹੈ।**

- ਹਾਂ, ਸਭ ਕਮਰੇ ਅਜਿਹੇ ਬੂਹੇ ਦੇ ਪਿੱਛੇ ਹਨ ਜਿਹਦੀ ਵਰਤੋਂ ਸਿਰਫ਼ ਸਾਡਾ ਘਰ ਪਰਿਵਾਰ ਹੀ ਕਰ ਸਕਦਾ ਹੈ
- ਨਹੀਂ

**H3** **ਕਿੰਨੇ ਕਮਰੇ ਸਿਰਫ਼ ਤੁਹਾਡੇ ਘਰ–ਪਰਿਵਾਰ ਦੀ ਵਰਤੋਂ ਲਈ ਹੀ ਹਨ?**

♦ **ਬਾਥਰੂਮਾਂ, ਟਾਇਲਟਾਂ, ਹਾਲਾਂ ਜਾਂ ਲੈਂਡਿੰਗਾਂ ਜਾਂ ਅਜਿਹੇ ਕਮਰਿਆਂ ਨੂੰ <u>ਸ਼ਾਮਿਲ ਨਾ</u> ਕਰੋ ਜਿਹਨਾਂ ਦੀ ਵਰਤੋਂ ਸਿਰਫ਼ ਸਾਮਾਨ ਰੱਖਣ ਲਈ ਹੀ ਕੀਤੀ ਜਾ ਸਕਦੀ ਹੈ, ਜਿਵੇਂ ਕੱਬਰਡਾਂ।**

♦ **ਕਿਚਨ, ਬੈਠਣ ਜਾਂ ਉਠੱਣ ਵਾਲੇ ਕਮਰਿਆਂ, ਯੂਟਿਲਿਟੀ ਕਮਰਿਆਂ ਅਤੇ ਪੜ੍ਹਨ ਲਿਖਣ ਵਾਲੇ ਕਮਰਿਆਂ ਨੂੰ <u>ਜ਼ਰੂਰ ਸ਼ਾਮਿਲ ਕਰੋ</u>।**

♦ **ਜੇ ਦੋ ਕਮਰਿਆਂ ਨੂੰ ਮਿਲਾ ਕੇ ਇਕ ਕਮਰਾ ਬਣਾ ਲਿਆ ਗਿਆ ਹੈ, ਤਾਂ ਉਹਨੂੰ ਇਕ ਕਮਰੇ ਦੇ ਤੌਰ 'ਤੇ ਗਿਣੋ।**

ਕਮਰਿਆਂ ਦੀ ਗਿਣਤੀ

**H4** **ਕੀ ਤੁਹਾਡੇ ਕੋਲ ਕੋਈ ਬਾਥ/ਸ਼ਾਵਰ ਜਾਂ ਟਾਇਲਟ ਹੈ ਜਿਹਦੀ ਵਰਤੋਂ ਸਿਰਫ਼ ਤੁਹਾਡਾ ਹੀ ਘਰ–ਪਰਿਵਾਰ ਕਰਦਾ ਹੈ?**

- ਹਾਂ
- ਨਹੀਂ

**H5** **ਤੁਹਾਡੇ ਘਰ–ਪਰਿਵਾਰ ਦੀ ਰਿਹਾਇਸ਼ ਦਾ ਸਭ ਤੋਂ ਨੀਵਾਂ ਪੱਧਰ ਕਿਹੜਾ ਹੈ?**

- ਬੇਸਮੈਂਟ (ਤਹਿਖ਼ਾਨਾ) ਜਾਂ ਸੈਮੀ–ਬੇਸਮੈਂਟ
- ਗਰਾਊਂਡ ਫ਼ਲੋਰ (ਗਲੀ ਦੀ ਪੱਧਰ 'ਤੇ)
- ਪਹਿਲੀ ਮੰਜਿਲ (ਗਲੀ ਦੀ ਪੱਧਰ ਤੋਂ ਉੱਪਰ ਵਾਲੀ ਮੰਜ਼ਿਲ)
- ਦੂਸਰੀ ਮੰਜ਼ਿਲ
- ਤੀਸਰੀ ਜਾਂ ਚੌਥੀ ਮੰਜ਼ਿਲ
- ਪੰਜਵੀਂ ਮੰਜ਼ਿਲ ਜਾਂ ਇਹ ਤੋਂ ਉੱਪਰ

**H6** **ਕੀ ਤੁਹਾਡੇ ਘਰ–ਪਰਿਵਾਰ ਦੀ ਵਰਤੋਂ ਵਾਲੇ ਕਮਰੇ ਘਰ ਦੀਆਂ ਇਕ ਤੋਂ ਵੱਧ ਮੰਜ਼ਿਲਾਂ 'ਤੇ ਹਨ?**

- ਹਾਂ
- ਨਹੀਂ

**H7** **ਕੀ ਤੁਹਾਡੇ ਘਰ ਵਿਚ ਸੈਂਟਰਲ ਹੀਟਿੰਗ ਲੱਗੀ ਹੋਈ ਹੈ?**

♦ **ਜੇ ਤੁਹਾਡੇ ਘਰ ਵਿਚ ਸੈਂਟਰਲ ਹੀਟਿੰਗ ਲੱਗੀ ਹੋਈ ਹੈ, ਤਾਂ 'ਹਾਂ' ਸਾਹਮਣੇ ✓ ਦਾ ਨਿਸ਼ਾਨ ਲਾਓ, ਭਾਵੇਂ ਤੁਸੀਂ ਇਹਦੀ ਵਰਤੋਂ ਕਰਦੇ ਹੋ ਜਾਂ ਨਹੀਂ ਕਰਦੇ।**

♦ **ਸੈਂਟਰਲ ਹੀਟਿੰਗ ਦੀਆਂ ਕੁਝ ਕਿਸਮਾਂ ਇਹ ਹਨ:**

- **ਗੈਸ, ਤੇਲ ਜਾਂ ਸਖ਼ਤ ਬਾਲਣ ਨਾਲ ਚੱਲਣ ਵਾਲੀ ਸੈਂਟਰਲ ਹੀਟਿੰਗ,**
- **ਨਾਈਟ ਸਟੋਰੇਜ ਹੀਟਰ,**
- **ਗਰਮ ਹਵਾ ਵਾਲੀ ਹੀਟਿੰਗ,**
- **ਫ਼ਰਸ਼ ਦੇ ਹੇਠਲੀ ਹੀਟਿੰਗ।**

ਹਾਂ, ਕੁਝ ਕਮਰਿਆਂ ਵਿਚ, ਜਾਂ ਸਾਰਿਆਂ ਕਮਰਿਆਂ ਵਿਚ

ਨਹੀਂ

**H8** **ਤੁਹਾਡੇ ਕੋਲ ਕਿੰਨੀਆਂ ਆਪਣੀਆਂ ਕਾਰਾਂ ਅਤੇ ਵੈਨਾਂ ਹਨ, ਜਾਂ ਕਿੰਨੀਆਂ ਘਰ–ਪਰਿਵਾਰ ਦੇ ਕਿਸੇ ਜੀਅ ਜਾਂ ਜੀਆਂ ਨੂੰ ਵਰਤਣ ਲਈ ਮਿਲ ਸਕਦੀਆਂ ਹਨ?**

♦ **ਜੇ ਕੰਪਨੀ ਦੀ ਕੋਈ ਕਾਰ ਜਾਂ ਵੈਨ ਨਿਜੀ ਵਰਤੋਂ ਲਈ ਮਿਲ ਸਕਦੀ ਹੈ, ਤਾਂ ਉਹਨੂੰ ਵੀ ਸ਼ਾਮਿਲ ਕਰੋ।**

- ਕੋਈ ਨਹੀਂ
- ਇੱਕ
- ਦੋ
- ਤਿੰਨ
- ਚਾਰ ਜਾਂ ਵੱਧ, **ਗਿਣਤੀ ਲਿਖੋ**

**H9** **ਕੀ ਇਹ ਰਿਹਾਇਸ਼ ਤੁਹਾਡੇ ਘਰ–ਪਰਿਵਾਰ ਦੀ ਆਪਣੀ ਹੈ ਜਾਂ ਕਿਰਾਏ 'ਤੇ ਲਈ ਹੋਈ ਹੈ?**

♦ **ਸਿਰਫ਼ ਇਕ ਖ਼ਾਨੇ ਵਿਚ ✓ ਦਾ ਨਿਸ਼ਾਨ ਲਾਓ**

- ਮੁਕੰਮਲ ਤੌਰ 'ਤੇ ਆਪਣੀ
  - ► **H11** 'ਤੇ ਜਾਓ
- ਆਪਣੀ, ਪਰ ਮੌਰਗੇਜ ਜਾਂ ਕਰਜ਼ੇ ਹੇਠ
  - ► **H11** 'ਤੇ ਜਾਓ
- ਕੁਝ ਕਿਰਾਇਆ ਅਤੇ ਕੁਝ ਮੌਰਗੇਜ ਦਿੰਦੇ ਹਾਂ (ਸਾਂਝੀ ਮਲਕੀਅਤ)
  - ► **H11** 'ਤੇ ਜਾਓ
- ਕਿਰਾਏ 'ਤੇ
  - ► **H10** 'ਤੇ ਜਾਓ
- ਬਿਨਾਂ ਕਿਰਾਇਆ ਦਿੱਤਿਆਂ ਇੱਥੇ ਰਹਿੰਦੇ ਹਾਂ
  - ► **H10** 'ਤੇ ਜਾਓ

**H10** ਤੁਹਾਡਾ ਮਕਾਨ ਮਾਲਿਕ ਕੌਣ ਹੈ?

- ਨਾਰਦਰਨ ਆਇਰਲੈਂਡ ਹਾਊਜ਼ਿੰਗ ਐਗਜ਼ੈਕਟਿਵ
- ਹਾਊਜ਼ਿੰਗ ਐਸੋਸੀਏਸ਼ਨ<br>ਹਾਊਜ਼ਿੰਗ ਕੋ–ਓਪਰੇਟਿਵ<br>ਚੈਰੀਟੇਬਲ ਟ੍ਰਸਟ
- ਪ੍ਰਾਈਵੇਟ ਮਕਾਨ ਮਾਲਿਕ ਜਾਂ ਘਰ ਕਿਰਾਏ 'ਤੇ ਦੇਣ ਵਾਲੀ ਏਜੰਸੀ
- ਘਰ ਪਰਿਵਾਰ ਦੇ ਕਿਸੇ ਜੀਅ ਨੂੰ ਨੌਕਰੀ ਦੇਣ ਵਾਲਾ
- ਘਰ ਪਰਿਵਾਰ ਦੇ ਕਿਸੇ ਮੈਂਬਰ ਦਾ ਰਿਸ਼ਤੇਦਾਰ ਜਾਂ ਦੋਸਤ
- ਕੋਈ ਹੋਰ

**H11** ਵਰਕਾ ਪਲਟੋ।

## ਕਿਰਪਾ ਕਰਕੇ ਇਸ ਫ਼ਾਰਮ ਦੀ ਅੰਗਰੇਜ਼ੀ ਵਾਲੀ ਕਾਪੀ ਨੂੰ ਭਰੋ

### ਘਰ–ਪਰਿਵਾਰ ਦੇ ਮੈਂਬਰ ਅਤੇ ਘਰ ਪਰਿਵਾਰ ਨਾਲ ਉਹਨਾਂ ਦਾ ਰਿਸ਼ਤਾ

- ਹੇਠਾਂ ਦਿੱਤੀ ਮਿਸਾਲ ਵਿਚ ਦੱਸਿਆ ਗਿਆ ਹੈ ਕਿ JOHN SMITH, ਉਹਦੀ ਪਤਨੀ (MARY) ਅਤੇ ਉਹਨਾਂ ਦੇ ਚਾਰ ਬੱਚਿਆਂ (ALISON, STEVEN, JAMES ਅਤੇ MARGARET) ਦੇ ਰਿਸ਼ਤਿਆਂ ਬਾਰੇ ਜਾਣਕਾਰੀ ਕਿਵੇਂ ਦਿੱਤੀ ਜਾਣੀ ਚਾਹੀਦੀ ਹੈ।
- ਇਸ ਮਿਸਾਲ ਵਿਚ STEVEN (ਵਿਅਕਤੀ 4) ਦਾ ਵਿਅਕਤੀ 1 ਅਤੇ ਵਿਅਕਤੀ 2 ਨਾਲ ਸੰਬੰਧ ਪੁੱਤਰ ਵਾਲਾ ਹੈ ਅਤੇ ਵਿਅਕਤੀ 3 ਨਾਲ ਭਰਾ ਵਾਲਾ।

| ਵਿਅਕਤੀ 1 ਦਾ ਨਾਂ | ਵਿਅਕਤੀ 2 ਦਾ ਨਾਂ | | ਵਿਅਕਤੀ 3 ਦਾ ਨਾਂ | | | ਵਿਅਕਤੀ 4 ਦਾ ਨਾਂ | | | |
|---|---|---|---|---|---|---|---|---|---|
| ਪਹਿਲਾ ਨਾਂ JOHN | ਪਹਿਲਾ ਨਾਂ MARY | | ਪਹਿਲਾ ਨਾਂ ALISON | | | ਪਹਿਲਾ ਨਾਂ STEVEN | | | |
| ਪਰਿਵਾਰਕ ਨਾਂ SMITH | ਪਰਿਵਾਰਕ ਨਾਂ SMITH | | ਪਰਿਵਾਰਕ ਨਾਂ SMITH | | | ਪਰਿਵਾਰਕ ਨਾਂ SMITH | | | |
| | ਵਿਅਕਤੀ 2 ਦਾ ਰਿਸ਼ਤਾ ਵਿਅਕਤੀ → | 1 | ਵਿਅਕਤੀ 3 ਦਾ ਰਿਸ਼ਤਾ ਵਿਅਕਤੀ → | 1 | 2 | ਵਿਅਕਤੀ 4 ਦਾ ਰਿਸ਼ਤਾ ਵਿਅਕਤੀ → | 1 | 2 | 3 |
| **ਵਿਅਕਤੀ 1 ਦਾ ਨਾਂ ਉੱਪਰ ਲਿਖੋ** | ਪਤੀ ਜਾਂ ਪਤਨੀ | ✓ | ਪਤੀ ਜਾਂ ਪਤਨੀ | ☐ | ☐ | ਪਤੀ ਜਾਂ ਪਤਨੀ | ☐ | ☐ | ☐ |
| | ਸਹਕਾਮੀ ਜਾਂ ਸਾਥੀ | ☐ | ਸਹਕਾਮੀ ਜਾਂ ਸਾਥੀ | ☐ | ☐ | ਸਹਕਾਮੀ ਜਾਂ ਸਾਥੀ | ☐ | ☐ | ☐ |
| | ਪੁੱਤਰ ਜਾਂ ਧੀ | ☐ | ਪੁੱਤਰ ਜਾਂ ਧੀ | ✓ | ✓ | ਪੁੱਤਰ ਜਾਂ ਧੀ | ✓ | ✓ | ☐ |
| | ਮਤਰੇਆ ਪੁੱਤਰ ਜਾਂ ਧੀ | ☐ | ਮਤਰੇਆ ਪੁੱਤਰ ਜਾਂ ਧੀ | ☐ | ☐ | ਮਤਰੇਆ ਪੁੱਤਰ ਜਾਂ ਧੀ | ☐ | ☐ | ☐ |
| | ਭਰਾ ਜਾਂ ਭੈਣ | ☐ | ਭਰਾ ਜਾਂ ਭੈਣ | ☐ | ☐ | ਭਰਾ ਜਾਂ ਭੈਣ | ☐ | ☐ | ✓ |

- ਵਿਅਕਤੀਆਂ ਦੇ ਨਾਂ ਉਸੇ ਤਰਤੀਬ ਵਿਚ ਰੱਖੋ ਜਿਸ ਤਰਤੀਬ ਵਿਚ ਇਹ ਟੇਬਲ 1 (ਸਫ਼ਾ 2) ਲਿਖੇ ਗਏ ਹਨ। ਵਿਅਕਤੀ 1 ਤੋਂ ਸ਼ੁਰੂ ਕਰੋ।
- ਹਰ ਕਾਲਮ ਦੇ ਉੱਪਰ ਦਿੱਤੀ ਥਾਂ 'ਤੇ ਹਰ ਵਿਅਕਤੀ ਦਾ ਨਾਂ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿਚ ਲਿਖੋ।
- ਹਰ ਵਿਅਕਤੀ ਦਾ ਆਪਣੇ ਘਰ–ਪਰਿਵਾਰ ਦੇ ਹੋਰ ਜੀਆਂ ਨਾਲ ਰਿਸ਼ਤਾ ਦੱਸਣ ਵਾਲੇ ਖ਼ਾਨੇ ਵਿਚ ✓ ਦਾ ਨਿਸ਼ਾਨ ਲਾਓ।
- ਘਰ–ਪਰਿਵਾਰ ਦੇ ਜਿਹੜੇ ਜੀਆਂ ਨੂੰ ਕਿਸੇ ਨਿੱਜੀ ਕਾਰਨ ਕਰਕੇ ਵੱਖਰਾ ਫ਼ਾਰਮ ਚਾਹੀਦਾ ਹੈ ਉਹਨਾਂ ਬਾਰੇ ਜਾਣਕਾਰੀ ਇੱਥੇ ਦਿਓ। ਅਗਲੇ ਸਫ਼ਿਆਂ 'ਤੇ ਇਹਨਾਂ ਲੋਕਾਂ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਨਾ ਦਿਓ।

| ਵਿਅਕਤੀ 1 ਦਾ ਨਾਂ | ਵਿਅਕਤੀ 2 ਦਾ ਨਾਂ | ਵਿਅਕਤੀ 3 ਦਾ ਨਾਂ | ਵਿਅਕਤੀ 4 ਦਾ ਨਾਂ |
|---|---|---|---|
| ਪਹਿਲਾ ਨਾਂ | ਪਹਿਲਾ ਨਾਂ | ਪਹਿਲਾ ਨਾਂ | ਪਹਿਲਾ ਨਾਂ |
| ਪਰਿਵਾਰਕ ਨਾਂ | ਪਰਿਵਾਰਕ ਨਾਂ | ਪਰਿਵਾਰਕ ਨਾਂ | ਪਰਿਵਾਰਕ ਨਾਂ |
| | **ਵਿਅਕਤੀ 2 ਦਾ ਰਿਸ਼ਤਾ ਵਿਅਕਤੀ → 1** | **ਵਿਅਕਤੀ 3 ਦਾ ਰਿਸ਼ਤਾ ਵਿਅਕਤੀ → 1 2** | **ਵਿਅਕਤੀ 4 ਦਾ ਰਿਸ਼ਤਾ ਵਿਅਕਤੀ → 1 2 3** |
| | ਪਤੀ ਜਾਂ ਪਤਨੀ | ਪਤੀ ਜਾਂ ਪਤਨੀ | ਪਤੀ ਜਾਂ ਪਤਨੀ |
| **ਵਿਅਕਤੀ 1 ਦਾ ਨਾਂ ਉੱਪਰ ਲਿਖੋ** | ਸਹਕਾਮੀ ਜਾਂ ਸਾਥੀ | ਸਹਕਾਮੀ ਜਾਂ ਸਾਥੀ | ਸਹਕਾਮੀ ਜਾਂ ਸਾਥੀ |
| | ਪੁੱਤਰ ਜਾਂ ਧੀ | ਪੁੱਤਰ ਜਾਂ ਧੀ | ਪੁੱਤਰ ਜਾਂ ਧੀ |
| | ਮਤਰੇਆ ਪੁੱਤਰ ਜਾਂ ਧੀ | ਮਤਰੇਆ ਪੁੱਤਰ ਜਾਂ ਧੀ | ਮਤਰੇਆ ਪੁੱਤਰ ਜਾਂ ਧੀ |
| | ਭਰਾ ਜਾਂ ਭੈਣ | ਭਰਾ ਜਾਂ ਭੈਣ | ਭਰਾ ਜਾਂ ਭੈਣ |
| | ਮਾਤਾ ਜਾਂ ਪਿਤਾ | ਮਾਤਾ ਜਾਂ ਪਿਤਾ | ਮਾਤਾ ਜਾਂ ਪਿਤਾ |
| | ਮਤਰੇਈ ਮਾਂ ਜਾਂ ਪਿਤਾ | ਮਤਰੇਈ ਮਾਂ ਜਾਂ ਪਿਤਾ | ਮਤਰੇਈ ਮਾਂ ਜਾਂ ਪਿਤਾ |
| | ਪੋਤਾ/ਪੋਤੀ/ਦੋਹਤਾ/ਦੋਹਤੀ | ਪੋਤਾ/ਪੋਤੀ/ਦੋਹਤਾ/ਦੋਹਤੀ | ਪੋਤਾ/ਪੋਤੀ/ਦੋਹਤਾ/ਦੋਹਤੀ |
| | ਦਾਦਾ/ਦਾਦੀ/ਨਾਨਾ/ਨਾਨੀ | ਦਾਦਾ/ਦਾਦੀ/ਨਾਨਾ/ਨਾਨੀ | ਦਾਦਾ/ਦਾਦੀ/ਨਾਨਾ/ਨਾਨੀ |
| | ਕੋਈ ਹੋਰ ਰਿਸ਼ਤਾ | ਕੋਈ ਹੋਰ ਰਿਸ਼ਤਾ | ਕੋਈ ਹੋਰ ਰਿਸ਼ਤਾ |
| | ਕੋਈ ਰਿਸ਼ਤਾ ਨਹੀਂ | ਕੋਈ ਰਿਸ਼ਤਾ ਨਹੀਂ | |

# ਕਿਰਪਾ ਕਰਕੇ ਇਸ ਫ਼ਾਰਮ ਦੀ ਅੰਗਰੇਜ਼ੀ ਵਾਲੀ ਕਾਪੀ ਨੂੰ ਭਰੋ

**ਵਿਅਕਤੀ 5 ਦਾ ਨਾਂ**

ਪਹਿਲਾ ਨਾਂ JAMES
ਪਰਿਵਾਰਕ ਨਾਂ SMITH

**ਵਿਅਕਤੀ 5 ਦਾ ਰਿਸ਼ਤਾ**

| **ਵਿਅਕਤੀ** → | 1 | 2 | 3 | 4 |
|---|---|---|---|---|
| ਪਤੀ ਜਾਂ ਪਤਨੀ | ☐ | ☐ | ☐ | ☐ |
| ਸਹਕਾਮੀ ਜਾਂ ਸਾਥੀ | ☐ | ☐ | ☐ | ☐ |
| ਪੁੱਤਰ ਜਾਂ ਧੀ | ☑ | ☑ | ☐ | ☐ |
| ਮਤਰੇਆ ਪੁੱਤਰ ਜਾਂ ਧੀ | ☐ | ☐ | ☐ | ☐ |
| ਭਰਾ ਜਾਂ ਭੈਣ | ☐ | ☐ | ☑ | ☑ |

**ਵਿਅਕਤੀ 6 ਦਾ ਨਾਂ**

ਪਹਿਲਾ ਨਾਂ MARGARET
ਪਰਿਵਾਰਕ ਨਾਂ SMITH

**ਵਿਅਕਤੀ 6 ਦਾ ਰਿਸ਼ਤਾ**

| **ਵਿਅਕਤੀ** → | 1 | 2 | 3 | 4 | 5 |
|---|---|---|---|---|---|
| ਪਤੀ ਜਾਂ ਪਤਨੀ | ☐ | ☐ | ☐ | ☐ | ☐ |
| ਸਹਕਾਮੀ ਜਾਂ ਸਾਥੀ | ☐ | ☐ | ☐ | ☐ | ☐ |
| ਪੁੱਤਰ ਜਾਂ ਧੀ | ☑ | ☑ | ☐ | ☐ | ☐ |
| ਮਤਰੇਆ ਪੁੱਤਰ ਜਾਂ ਧੀ | ☐ | ☐ | ☐ | ☐ | ☐ |
| ਭਰਾ ਜਾਂ ਭੈਣ | ☐ | ☐ | ☑ | ☑ | ☑ |

**ਵਿਅਕਤੀ 5 ਦਾ ਨਾਂ**

ਪਹਿਲਾ ਨਾਂ

ਪਰਿਵਾਰਕ ਨਾਂ

**ਵਿਅਕਤੀ 5 ਦਾ ਰਿਸ਼ਤਾ**

| **ਵਿਅਕਤੀ** → | 1 | 2 | 3 | 4 |
|---|---|---|---|---|
| ਪਤੀ ਜਾਂ ਪਤਨੀ | | | | |
| ਸਹਕਾਮੀ ਜਾਂ ਸਾਥੀ | | | | |
| ਪੁੱਤਰ ਜਾਂ ਧੀ | | | | |
| ਮਤਰੇਆ ਪੁੱਤਰ ਜਾਂ ਧੀ | | | | |
| ਭਰਾ ਜਾਂ ਭੈਣ | | | | |
| ਮਾਤਾ ਜਾਂ ਪਿਤਾ | | | | |
| ਮਤਰੇਈ ਮਾਂ ਜਾਂ ਪਿਤਾ | | | | |
| ਪੋਤਾ/ਪੋਤੀ/ਦੋਹਤਾ/ਦੋਹਤੀ | | | | |
| ਦਾਦਾ/ਦਾਦੀ/ਨਾਨਾ/ਨਾਨੀ | | | | |
| ਕੋਈ ਹੋਰ ਰਿਸ਼ਤਾ | | | | |
| ਕੋਈ ਰਿਸ਼ਤਾ ਨਹੀਂ | | | | |

**ਵਿਅਕਤੀ 6 ਦਾ ਨਾਂ**

ਪਹਿਲਾ ਨਾਂ

ਪਰਿਵਾਰਕ ਨਾਂ

**ਵਿਅਕਤੀ 6 ਦਾ ਰਿਸ਼ਤਾ**

| **ਵਿਅਕਤੀ** → | 1 | 2 | 3 | 4 | 5 |
|---|---|---|---|---|---|
| ਪਤੀ ਜਾਂ ਪਤਨੀ | | | | | |
| ਸਹਕਾਮੀ ਜਾਂ ਸਾਥੀ | | | | | |
| ਪੁੱਤਰ ਜਾਂ ਧੀ | | | | | |
| ਮਤਰੇਆ ਪੁੱਤਰ ਜਾਂ ਧੀ | | | | | |
| ਭਰਾ ਜਾਂ ਭੈਣ | | | | | |
| ਮਾਤਾ ਜਾਂ ਪਿਤਾ | | | | | |
| ਮਤਰੇਈ ਮਾਂ ਜਾਂ ਪਿਤਾ | | | | | |
| ਪੋਤਾ/ਪੋਤੀ/ਦੋਹਤਾ/ਦੋਹਤੀ | | | | | |
| ਦਾਦਾ/ਦਾਦੀ/ਨਾਨਾ/ਨਾਨੀ | | | | | |
| ਕੋਈ ਹੋਰ ਰਿਸ਼ਤਾ | | | | | |
| ਕੋਈ ਰਿਸ਼ਤਾ ਨਹੀਂ | | | | | |

**ਬਾਕੀ ਦੇ ਸਵਾਲਾਂ ਦੇ ਜਵਾਬ ਘਰ ਪਰਿਵਾਰ ਦੇ ਹਰ ਜੀਅ ਲਈ ਉਸੇ ਤਰਤੀਬ ਵਿਚ ਦਿਓ ਜਿਸ ਤਰਤੀਬ ਵਿਚ ਤੁਸੀਂ ਉਹਨਾਂ ਦੇ ਨਾਂ ਟੇਬਲ 1 ਵਿਚ (ਘਰ–ਪਰਿਵਾਰ ਵਾਲੇ ਫ਼ਾਰਮ ਦੇ ਸਫ਼ਾ 2 'ਤੇ) ਲਿਖੇ ਹਨ। ਜੇ ਘਰ ਪਰਿਵਾਰ ਦਾ ਕੋਈ ਜੀਅ ਕੋਈ ਲੁਕੋਅ ਰੱਖਣ ਲਈ ਵੱਖਰਾ ਫ਼ਾਰਮ ਭਰ ਰਿਹਾ ਹੈ, ਤਾਂ ਉਸ ਜੀਅ ਬਾਰੇ ਬਾਕੀ ਦੇ ਸਵਾਲਾਂ ਦਾ ਜਵਾਬ ਨਾ ਦਿਓ।**

# ਕਿਰਪਾ ਕਰਕੇ ਇਸ ਫ਼ਾਰਮ ਦੀ ਅੰਗਰੇਜ਼ੀ ਵਾਲੀ ਕਾਪੀ ਨੂੰ ਭਰੋ

## ਵਿਅਕਤੀ 1

**1** ਤੁਹਾਡਾ ਨਾਂ ਕੀ ਹੈ? (ਟੇਬਲ 1 ਵਾਲਾ/ਵਾਲੀ ਵਿਅਕਤੀ 1)

ਪਹਿਲਾ ਨਾਂ ਅਤੇ ਪਰਿਵਾਰਕ ਨਾਂ

**2** ਤੁਸੀਂ ਮਰਦ ਹੋ ਜਾਂ ਔਰਤ?

ਮਰਦ ਔਰਤ

**3** ਤੁਹਾਡੀ ਜਨਮ ਤਾਰੀਖ਼ ਕੀ ਹੈ?

ਦਿਨ ਮਹੀਨਾ ਸਾਲ

**4** (29 ਅਪ੍ਰੈਲ 2001 ਦੇ ਦਿਨ) ਤੁਹਾਡਾ ਵਿਆਹੁਤਾ ਦਰਜਾ ਕੀ ਹੈ?

ਕੁਆਰੇ (ਕਦੇ ਵਿਆਹ ਨਹੀਂ ਹੋਇਆ)

ਵਿਆਹੇ (ਪਹਿਲਾ ਵਿਆਹ)

ਦੁਬਾਰਾ-ਵਿਆਹੇ

ਵੱਖ ਹੋ ਗਏ (ਪਰ ਕਾਨੂੰਨੀ ਤੌਰ 'ਤੇ ਹਾਲੇ ਵਿਆਹੇ ਹੋਏ)

ਤਲਾਕਸ਼ੁਦਾ

ਵਿਧਵਾ/ਰੰਡੇ

**5** ਕੀ ਤੁਸੀਂ ਸਕੂਲ ਜਾਣ ਵਾਲੇ ਬੱਚੇ ਹੋ, ਜਾਂ ਫ਼ੁਲ-ਟਾਈਮ ਸਿੱਖਿਆ ਲੈਣ ਵਾਲੇ ਵਿਦਿਆਰਥੀ ਹੋ?

ਹਾਂ ► **6** 'ਤੇ ਜਾਓ

ਨਹੀਂ ► **7** 'ਤੇ ਜਾਓ

**6** ਕੀ ਤੁਸੀਂ ਸਕੂਲ, ਕਾਲਿਜ ਜਾਂ ਯੂਨੀਵਰਸਿਟੀ ਦੀ ਟਰਮ ਦੇ ਸਮੇਂ ਵਿਚ ਇਸ ਫ਼ਾਰਮ ਦੇ ਮੂਹਰੇ ਦਿੱਤੇ ਪਤੇ 'ਤੇ ਰਹਿੰਦੇ ਹੋ?

♦ ਇਸ ਸਵਾਲ ਦਾ ਜਵਾਬ ਤਦ ਹੀ ਦਿਓ ਜੇ ਤੁਸੀਂ ਸਵਾਲ 5 ਦਾ ਜਵਾਬ 'ਹਾਂ' ਵਿਚ ਦਿੱਤਾ ਹੈ।

ਹਾਂ, ਮੈਂ /ਸਕੂਲ/ਕਾਲਿਜ/ਯੂਨਿਵਰਸਿਟੀ ਦੀ ਟਰਮ ਦੇ ਸਮੇਂ ਵਿਚ ਇਸ ਪਤੇ 'ਤੇ ਰਹਿੰਦਾ/ਰਹਿੰਦੀ ਹਾਂ

► **7** 'ਤੇ ਜਾਓ

ਨਹੀਂ, ਮੈਂ /ਸਕੂਲ/ਕਾਲਿਜ/ਯੂਨਿਵਰਸਿਟੀ ਦੀ ਟਰਮ ਦੇ ਸਮੇਂ ਵਿਚ ਕਿਸੇ ਹੋਰ ਥਾਂ ਰਹਿੰਦਾ/ਰਹਿੰਦੀ ਹਾਂ

► **35** 'ਤੇ ਜਾਓ

**7** ਕੀ ਤੁਸੀਂ ਆਇਰਿਸ਼ ਭਾਸ਼ਾ ਬੋਲ, ਪੜ੍ਹ ਜਾਂ ਲਿਖ ਸਕਦੇ ਹੋ?

♦ ਸਭ ਢੁਕਵੇਂ ਖ਼ਾਨਿਆਂ ਵਿਚ ✓ ਦਾ ਨਿਸ਼ਾਨ ਲਾਓ

ਬੋਲੀ ਹੋਈ ਆਇਰਿਸ਼ ਭਾਸ਼ਾ ਸਮਝਦੇ ਹੋ

ਆਇਰਿਸ਼ ਬੋਲਦੇ ਹੋ

ਆਇਰਿਸ਼ ਪੜ੍ਹਦੇ ਹੋ

ਆਇਰਿਸ਼ ਲਿਖ ਸਕਦੇ ਹੋ

ਇਹਨਾਂ ਵਿਚੋਂ ਕੋਈ ਵੀ ਨਹੀਂ

**8** ਕੀ ਤੁਹਾਡੇ ਖ਼ਿਆਲ ਅਨੁਸਾਰ ਤੁਹਾਡਾ ਕੋਈ ਧਰਮ ਹੈ?

ਹਾਂ ► **8a** 'ਤੇ ਜਾਓ

ਨਹੀਂ ► **8b** 'ਤੇ ਜਾਓ

**8a** ਤੁਹਾਡਾ ਸੰਬੰਧ ਕਿਸ ਧਰਮ, ਫ਼ਿਰਕੇ ਜਾਂ ਧਾਰਮਿਕ ਸੰਸਥਾ ਨਾਲ ਹੈ?

ਰੋਮਨ ਕੈਥੋਲਿਕ

ਆਇਰਲੈਂਡ ਦਾ ਪ੍ਰੈਸਬੀਟਿਰੀਅਨ ਚਰਚ

ਚਰਚ ਔਫ਼ ਆਇਰਲੈਂਡ

ਆਇਰਲੈਂਡ ਦਾ ਮੈਥੋਡਿਸਟ ਚਰਚ

ਕੋਈ ਹੋਰ, ਕਿਰਪਾ ਕਰਕੇ ਨਾਂ ਲਿਖੋ

► **9** 'ਤੇ ਜਾਓ

**8b** ਤੁਹਾਡਾ ਪਾਲਣ ਕਿਸ ਧਰਮ, ਫ਼ਿਰਕੇ ਜਾਂ ਧਾਰਮਿਕ ਸੰਸਥਾ ਵਿਚ ਹੋਇਆ?

ਰੋਮਨ ਕੈਥੋਲਿਕ

ਆਇਰਲੈਂਡ ਦਾ ਪ੍ਰੈਸਬੀਟਿਰੀਅਨ ਚਰਚ

ਚਰਚ ਔਫ਼ ਆਇਰਲੈਂਡ

ਆਇਰਲੈਂਡ ਦਾ ਮੈਥੋਡਿਸਟ ਚਰਚ

ਕੋਈ ਹੋਰ, ਕਿਰਪਾ ਕਰਕੇ ਨਾਂ ਲਿਖੋ

ਕਿਸੇ ਵਿਚ ਨਹੀਂ

**9** ਤੁਹਾਡਾ ਜਨਮ ਕਿਸ ਦੇਸ਼ ਵਿਚ ਹੋਇਆ?

ਨਾਰਦਰਨ ਆਇਰਲੈਂਡ

ਇੰਗਲੈਂਡ ਵੇਲਜ਼

ਸਕਾਟਲੈਂਡ ਰਿਪਬਲਿਕ ਔਫ਼ ਆਇਰਲੈਂਡ

ਹੋਰ ਕਿਧਰੇ, ਕਿਰਪਾ ਕਰਕੇ ਉਸ ਦੇਸ਼ ਦਾ ਹੁਣ ਵਾਲਾ ਨਾਂ ਲਿਖੋ

**10** ਤੁਹਾਡੇ ਖ਼ਿਆਲ ਅਨੁਸਾਰ ਤੁਹਾਡਾ ਨਸਲੀ ਪਿਛੋਕੜ ਕਿਹੜਾ ਹੈ?

♦ ਸਿਰਫ਼ ਇਕ ਖ਼ਾਨੇ ਵਿਚ ✓ ਲਾਓ

ਗੋਰਾ

ਚੀਨੀ

ਆਇਰਿਸ਼ ਟ੍ਰੈਵਲਰ

ਭਾਰਤੀ

ਪਾਕਿਸਤਾਨੀ

ਬੰਗਲਾਦੇਸ਼ੀ

ਕਾਲਾ ਕੈਰੀਬੀਅਨ

ਕਾਲਾ ਅਫ਼੍ਰੀਕਨ

ਕੋਈ ਹੋਰ ਕਾਲਾ

ਰਲਿਆ ਮਿਲਿਆ, ਨਾਂ ਲਿਖੋ

ਕੋਈ ਹੋਰ ਨਸਲੀ ਪਿਛੋਕੜ, ਨਾਂ ਲਿਖੋ

**11** ਤੁਹਾਡੇ ਖ਼ਿਆਲ ਵਿਚ ਪਿਛਲੇ ਬਾਰਾਂ ਮਹੀਨਿਆਂ ਵਿਚ ਤੁਹਾਡੀ ਸਿਹਤ ਕਿਹੋ ਜਿਹੀ ਰਹੀ?

ਚੰਗੀ?

ਠੀਕ ਠੀਕ ਹੀ?

ਚੰਗੀ ਨਹੀਂ?

**12** ਕੀ ਤੁਸੀਂ ਪਰਿਵਾਰ ਦੇ ਕਿਸੇ ਜੀਅ, ਗੁਆਂਢੀ ਜਾਂ ਕਿਸੇ ਹੋਰ ਦੀ ਦੇਖਭਾਲ ਜਾਂ ਮਦਦ ਕਰਦੇ ਹੋ ਜਿਹਨੂੰ:

- ਕੋਈ ਲੰਮੇ ਸਮੇਂ ਵਾਲਾ ਸਰੀਰਕ ਜਾਂ ਮਾਨਸਿਕ ਰੋਗ ਹੈ, ਜਾਂ
- ਵੱਡੀ ਉਮਰ ਹੋ ਜਾਣ ਕਾਰਨ ਮੁਸ਼ਕਿਲਾਂ ਆ ਰਹੀਆਂ ਹਨ?

♦ ਜੇ ਤੁਸੀਂ ਇਹ ਕੁਝ ਆਪਣੀ ਪੈਸੇ ਲੈ ਕੇ ਕਰਨ ਵਾਲੀ ਨੌਕਰੀ ਦੇ ਤੌਰ 'ਤੇ ਕਰਦੇ ਹੋ, ਤਾਂ ਉਹਨੂੰ ਸ਼ਾਮਿਲ ਨਾ ਕਰੋ।

♦ ✓ ਲਾ ਕੇ ਦੱਸੋ ਕਿ ਕਿਸੇ ਆਮ ਹਫ਼ਤੇ ਵਿਚ ਤੁਸੀਂ ਇਸ ਕੰਮ ਨੂੰ ਕਿੰਨਾ ਕੁ ਸਮਾਂ ਦਿੰਦੇ ਹੋ।

ਨਹੀਂ

ਹਾਂ, ਹਫ਼ਤੇ ਵਿਚ **1** ਤੋਂ **19** ਘੰਟੇ

ਹਾਂ, ਹਫ਼ਤੇ ਵਿਚ **20** ਤੋਂ **49** ਘੰਟੇ

ਹਾਂ, ਹਫ਼ਤੇ ਵਿਚ **50** ਜਾਂ ਵੱਧ ਘੰਟੇ

## ਵਿਅਕਤੀ 1 – ਚਲਦਾ

**13 ਕੀ ਤੁਹਾਨੂੰ ਕੋਈ ਲੰਮੇ ਸਮੇਂ ਦਾ ਰੋਗ ਜਾਂ ਨਿਰਯੋਗਤਾ ਹੈ ਜਿਹਦੇ ਨਾਲ ਤੁਹਾਡੇ ਰੋਜ਼ਾਨਾ ਕੰਮਾਂ 'ਤੇ ਜਾਂ ਕੰਮ ਕਰਨ ਦੀ ਯੋਗਤਾ 'ਤੇ ਮਾੜਾ ਅਸਰ ਪੈਂਦਾ ਹੈ।**

♦ ਵੱਡੀ ਉਮਰ ਨਾਲ ਹੋਣ ਵਾਲੀਆਂ ਮੁਸ਼ਕਿਲਾਂ ਨੂੰ ਵੀ ਸ਼ਾਮਿਲ ਕਰੋ।

ਹਾਂ

ਨਹੀਂ

**14 ਇਕ ਸਾਲ ਪਹਿਲਾਂ ਤੁਹਾਡਾ ਆਮ ਪਤਾ (ਐਡਰੈੱਸ) ਕੀ ਸੀ?**

♦ ਜੇ ਇਕ ਸਾਲ ਪਹਿਲਾਂ ਤੁਸੀਂ ਕਿਸੇ ਬੋਰਡਿੰਗ ਸਕੂਲ ਵਿਚ ਰਹਿਣ ਵਾਲੇ ਬੱਚੇ ਜਾਂ ਵਿਦਿਆਰਥੀ ਸੀ, ਤਾਂ ਉਹ ਪਤਾ ਲਿਖੋ ਜਿੱਥੇ ਤੁਸੀਂ ਸਕੂਲ/ਕਾਲਿਜ/ਯੂਨਿਵਰਸਿਟੀ ਦੀ ਟਰਮ ਦੇ ਸਮੇਂ ਰਹਿੰਦੇ ਸੀ।

♦ **29** ਅਪ੍ਰੈਲ **2000** ਤੋਂ ਬਾਅਦ ਜਨਮੇ ਬੱਚੇ ਬਾਰੇ 'ਇਕ ਸਾਲ ਪਹਿਲਾਂ ਕੋਈ ਆਮ ਪਤਾ ਨਹੀਂ ਸੀ' 'ਤੇ ✓ ਲਾਓ।

ਇਸ ਫ਼ਾਰਮ ਦੇ ਮੂਹਰੇ ਲਿਖਿਆ ਪਤਾ

ਇਕ ਸਾਲ ਪਹਿਲਾਂ ਕੋਈ ਆਮ ਪਤਾ ਨਹੀਂ ਸੀ।

ਹੋਰ ਕਿਧਰੇ, ਹੇਠਾਂ ਪਤਾ ਲਿਖੋ

ਪੋਸਟਕੋਡ

**15** ਜੇ ਤੁਹਾਡੀ ਉਮਰ **16** ਤੋਂ **74** ਸਾਲ ਤਕ ਹੈ, ਤਾਂ ► **16** 'ਤੇ ਜਾਓ

ਜੇ ਤੁਹਾਡੀ ਉਮਰ **15** ਤੋਂ ਘੱਟ, ਜਾਂ **75** ਸਾਲ ਤੋਂ ਵੱਧ ਹੈ, ਤਾਂ ► **35** 'ਤੇ ਜਾਓ

**16 ਇਹਨਾਂ ਵਿਚੋਂ ਕਿਹੜੀਆਂ ਵਿੱਦਿਅਕ ਯੋਗਤਾਵਾਂ ਤੁਹਾਡੇ ਕੋਲ ਹਨ?**

♦ ਹੇਠ ਲਿਖੀਆਂ ਜਾਂ ਇਹਨਾਂ ਦੇ ਬਰਾਬਰ ਦੀਆਂ ਜਿਹੜੀਆਂ ਯੋਗਤਾਵਾਂ ਤੁਹਾਡੇ 'ਤੇ ਲਾਗੂ ਹੁੰਦੀਆਂ ਹਨ, ਉਹਨਾਂ 'ਤੇ ✓ ਲਾਓ।

| | |
|---|---|
| GCSE (grades D-G), CSE (grades 2-5) | NVQ Level 1, GNVQ Foundation |
| 1-4 CSEs (grade 1), 1-4 GCSEs (grades A-C), 1-4 'O' Level Passes | NVQ Level 2, GNVQ Intermediate |
| 5+ CSEs (grade 1), 5+ GCSEs (grades A-C), 5+ 'O' Level Passes, Senior Certificate | NVQ Level 3, GNVQ Advanced |
| 1 'A' Level, 1-3 AS Levels, Advanced Senior Certificate | NVQ Level 4, HNC, HND |
| 2+ 'A' Levels, 4+ AS Levels | NVQ Level 5 |
| ਪਹਿਲੀ ਡਿਗਰੀ | |
| ਉਚੇਰੀ ਡਿਗਰੀ | ਕੋਈ ਯੋਗਤਾ ਨਹੀਂ |

**17 ਕੀ ਤੁਸੀਂ ਪਿਛਲੇ ਹਫ਼ਤੇ ਕੋਈ ਕੰਮ ਕਰ ਰਹੇ ਸੀ:**

- ਕਿਸੇ ਦੀ ਨੌਕਰੀ, ਜਾਂ ਸਰਕਾਰ ਵਲੋਂ ਚਲਾਈ ਕਿਸੇ ਟ੍ਰੇਨਿੰਗ ਸਕੀਮ ਵਿਚ,
- ਖ਼ੁਦ ਆਪਣਾ/ਆਪਣੀ ਮਰਜ਼ੀ ਨਾਲ ਕੰਮ,
- ਜਾਂ ਆਪਣੇ ਪਰਿਵਾਰ ਦੇ ਕਾਰੋਬਾਰ ਵਿਚ ਮਦਦ?

♦ ਜੇ ਬੀਮਾਰੀ, ਜਣੇਪਾ ਛੁੱਟੀ, ਛੁੱਟੀਆਂ ਮਨਾਉਣ ਕਾਰਨ ਜਾਂ ਕੁਝ ਸਮੇਂ ਲਈ ਕੰਮ 'ਤੇ ਨਹੀਂ ਗਏ, ਤਾਂ 'ਹਾਂ' 'ਤੇ ✓ ਲਾਓ।

♦ ਜੇ ਪੈਸੇ ਲੈ ਕੇ ਕੋਈ ਕੰਮ ਕੀਤਾ, ਤਾਂ 'ਹਾਂ' 'ਤੇ ✓ ਲਾਓ, ਭਾਵੇਂ ਇਹ ਕੰਮ ਇਕ ਘੰਟਾ ਹੀ ਕੀਤਾ।

♦ ਜੇ ਆਪਣੇ ਪਰਿਵਾਰ ਦੇ ਕਾਰੋਬਾਰ ਲਈ ਪੈਸੇ ਲੈ ਕੇ ਜਾਂ ਬਿਨਾਂ ਪੈਸੇ ਲਿਆਂ ਕੰਮ ਕੀਤਾ, ਤਦ ਵੀ 'ਹਾਂ' 'ਤੇ ✓ ਲਾਓ।

ਹਾਂ ► **23** 'ਤੇ ਜਾਓ

ਨਹੀਂ ► **18** 'ਤੇ ਜਾਓ

**18 ਕੀ ਤੁਸੀਂ ਪਿਛਲੇ 4 ਹਫ਼ਤਿਆਂ ਵਿਚ ਪੈਸੇ ਮਿਲਣ ਵਾਲੇ ਕਿਸੇ ਕੰਮ ਨੂੰ ਸਰਗਰਮੀ ਨਾਲ ਲੱਭ ਰਹੇ ਸੀ?**

ਹਾਂ

ਨਹੀਂ

**19 ਜੇ ਪਿਛਲੇ ਹਫ਼ਤੇ ਕੋਈ ਖ਼ਾਲੀ ਪਈ ਨੌਕਰੀ ਤੁਹਾਨੂੰ ਮਿਲ ਸਕਦੀ, ਤਾਂ ਕੀ ਤੁਸੀਂ ਇਹ 2 ਹਫ਼ਤਿਆਂ ਦੇ ਅੰਦਰ ਸ਼ੁਰੂ ਕਰ ਸਕਦੇ ਸੀ?**

ਹਾਂ

ਨਹੀਂ

**20 ਕੀ ਤੁਸੀਂ ਪਿਛਲੇ ਹਫ਼ਤੇ ਪਹਿਲਾਂ ਹੀ ਮਿਲ ਚੁੱਕੀ ਨੌਕਰੀ ਸ਼ੁਰੂ ਕਰਨ ਦੀ ਉਡੀਕ ਕਰ ਰਹੇ ਸੀ?**

ਹਾਂ

ਨਹੀਂ

**21 ਕੀ ਤੁਸੀਂ ਪਿਛਲੇ ਹਫ਼ਤੇ ਹੇਠ ਲਿਖਿਆਂ ਵਿਚੋਂ ਕੋਈ ਸੀ?**

♦ ਸਭ ਢੁਕਵੇਂ ਖ਼ਾਨਿਆਂ ਵਿਚ ✓ ਲਾਓ

ਰਿਟਾਇਰ ਹੋਏ

ਵਿਦਿਆਰਥੀ

ਘਰ/ਪਰਿਵਾਰ ਦੀ ਦੇਖਭਾਲ ਕਰਦੇ

ਸਦਾ ਲਈ ਬੀਮਾਰ/ਨਿਰਯੋਗ

ਇਹਨਾਂ ਵਿਚੋਂ ਕੋਈ ਨਹੀਂ।

**22 ਕੀ ਤੁਸੀਂ ਕਦੇ ਕੰਮ ਕੀਤਾ ਹੈ?**

ਹਾਂ, ਤਦ ਲਿਖੋ ਕਿ ਤੁਸੀਂ ਪਿਛਲੀ ਵਾਰ ਕਿਹੜੇ ਸਾਲ ਕੰਮ ਕੀਤਾ।

► **23** 'ਤੇ ਜਾਓ

ਨਹੀਂ, ਮੈਂ ਕਦੇ ਕੰਮ ਨਹੀਂ ਕੀਤਾ

► **35** 'ਤੇ ਜਾਓ

**23 ਬਾਕੀ ਦੇ ਸਵਾਲਾਂ ਦੇ ਜਵਾਬ ਤੁਸੀਂ ਆਪਣੇ ਮੁੱਖ ਕੰਮ ਬਾਰੇ ਦਿਓ, ਜੇ ਤੁਸੀਂ ਪਿਛਲੇ ਹਫ਼ਤੇ ਨਹੀਂ ਕਰ ਰਹੇ ਸੀ, ਤਾਂ ਤੁਹਾਡਾ ਆਖ਼ਰੀ ਮੁੱਖ ਕੰਮ ਕੀ ਸੀ?**

♦ ਤੁਹਾਡਾ ਮੁੱਖ ਕੰਮ ਉਹ ਹੁੰਦਾ ਹੈ ਜਿਹਦੇ 'ਤੇ ਤੁਸੀਂ ਆਮ ਤੌਰ 'ਤੇ ਸਭ ਤੋਂ ਵੱਧ ਘੰਟੇ ਲਾਉਂਦੇ ਹੋ।

**24 ਕੀ ਤੁਸੀਂ ਕਿਸੇ ਦੀ ਨੌਕਰੀ ਕਰਦੇ ਹੋ (ਜਾਂ ਸੀ) ਜਾਂ ਖ਼ੁਦ ਆਪਣਾ ਕਾਰੋਬਾਰ ਕਰਦੇ ਹੋ (ਜਾਂ ਸੀ)?**

ਨੌਕਰੀ

ਆਪਣਾ ਕਾਰੋਬਾਰ (ਨੌਕਰ ਰੱਖ ਕੇ)

ਆਪਣਾ ਕੰਮ/ਮਰਜ਼ੀ ਵਾਲਾ ਕੰਮ ਬਿਨਾਂ ਨੌਕਰਾਂ ਦੇ

**25 ਜਿਸ ਥਾਂ ਤੁਸੀਂ ਕੰਮ ਕਰਦੇ ਹੋ (ਜਾਂ ਸੀ) ਉੱਥੇ ਤੁਹਾਨੂੰ ਨੌਕਰੀ ਦੇਣ ਵਾਲੇ ਕੋਲ ਹੋਰ ਕਿੰਨੇ ਜਣੇ ਨੌਕਰੀ ਕਰਦੇ ਹਨ (ਜਾਂ ਸਨ)?**

♦ ਜੇ ਤੁਸੀਂ ਆਪਣਾ ਕਾਰੋਬਾਰ ਕਰਦੇ ਹੋ (ਜਾਂ ਸੀ) ਤਾਂ ✓ ਦੱਸੋ ਕਿ ਤੁਸੀਂ ਕਿੰਨੇ ਨੌਕਰ ਰੱਖੇ ਹੋਏ ਹਨ (ਜਾਂ ਸਨ)।

1-9

10-24

25-499

500 ਜਾਂ ਵੱਧ

# ਕਿਰਪਾ ਕਰਕੇ ਇਸ ਫ਼ਾਰਮ ਦੀ ਅੰਗਰੇਜ਼ੀ ਵਾਲੀ ਕਾਪੀ ਨੂੰ ਭਰੋ

## ਵਿਅਕਤੀ 1 – ਚਲਦਾ

**26** ਤੁਹਾਡੇ ਮੁੱਖ ਕੰਮ ਦਾ ਪੂਰਾ ਨਾਂ ਕੀ ਹੈ (ਜਾਂ ਸੀ)?

- ਮਿਸਾਲ ਵਜੋਂ, ਪ੍ਰਾਇਮਰੀ ਸਕੂਲ ਟੀਚਰ, ਸਟੇਟ ਰਜਿਸਟਰਡ ਨਰਸ, ਕਾਰ ਮਕੈਨਿਕ, ਟੈਲੀਵਿਯਨ ਸਰਵਿਸ ਇੰਜਨੀਅਰ, ਬੈਨੀਫ਼ਿਟਸ ਅਸਿਸਟੈਂਟ।
- ਸਿਵਿਲ ਸਰਵੈਂਟ, ਲੋਕਲ ਗਵਰਨਮੈਂਟ ਅਫ਼ਸਰ – ਆਪਣੀ ਨੌਕਰੀ ਦਾ ਨਾਂ ਦੱਸੋ, ਗਰੇਡ ਜਾਂ ਤਨਖ਼ਾਹ ਬੈਂਡ ਨਹੀਂ।

**27** ਦੱਸੋ ਕਿ ਤੁਸੀਂ ਆਪਣੇ ਮੁੱਖ ਕੰਮ ਵਜੋਂ ਕੀ ਕਰਦੇ ਹੋ (ਜਾਂ ਸੀ)?

**28** ਕੀ ਤੁਸੀਂ ਹੋਰ ਮੁਲਾਜ਼ਿਮਾਂ ਦੀ ਨਿਗਰਾਨੀ (ਸੁਪਰਵੀਯਨ) ਕਰਦੇ ਹੋ (ਜਾਂ ਸੀ)?

- ਸੁਪਰਵਾਈਜ਼ਰ ਜਾਂ ਫ਼ੋਰਮੈਨ ਦਾ ਕੰਮ ਹੋਰਨਾਂ ਦੇ ਰੋਜ਼ਮੱਰਾ ਕੰਮ ਦੀ ਨਿਗਰਾਨੀ ਕਰਨਾ ਹੁੰਦਾ ਹੈ।

ਹਾਂ　　ਨਹੀਂ

**29** ਜਿੱਥੇ ਤੁਸੀਂ ਕੰਮ ਕਰਦੇ ਹੋ (ਜਾਂ ਸੀ) ਉੱਥੇ ਤੁਹਾਨੂੰ ਨੌਕਰੀ ਦੇਣ ਵਾਲੇ ਦਾ ਕਿਹੜਾ ਕਾਰੋਬਾਰ ਚਲਦਾ ਹੈ (ਜਾਂ ਸੀ)?

- ਮਿਸਾਲ ਵਜੋਂ, ਜੁੱਤੀਆਂ ਬਣਾਉਣਾ, ਕਾਰਾਂ ਦੀ ਮੁਰੰਮਤ, ਸੈਕੰਡਰੀ ਪੜ੍ਹਾਈ, ਖਾਣੇ ਦਾ ਥੋਕ ਵਪਾਰ, ਕੱਪੜਿਆਂ ਦਾ ਪਰਚੂਨ ਵਪਾਰ, ਡਾਕਟਰ ਦੀ ਸਰਜਰੀ।
- ਜੇ ਤੁਸੀਂ ਆਪਣਾ ਕੰਮ/ਜਾਂ ਮਰਜ਼ੀ ਨਾਲ ਕੰਮ ਕਰਦੇ ਹੋ (ਜਾਂ ਸੀ) ਜਾਂ ਆਪਣਾ ਕਾਰੋਬਾਰ ਚਲਾਉਂਦੇ ਹੋ (ਜਾਂ ਸੀ), ਤਾਂ ਤੁਹਾਡਾ ਕੰਮ ਕਿਸ ਕਿਸਮ ਦਾ ਹੈ (ਜਾਂ ਸੀ)?
- ਸਿਵਿਲ ਸਰਵੈਂਟ, ਲੋਕਲ ਗਵਰਨਮੈਂਟ ਅਫ਼ਸਰ – ਆਪਣੇ ਮਹਿਕਮੇ ਦਾ ਨਾਂ ਦੱਸੋ।

**30** ਜੇ ਤੁਸੀਂ ਪਿਛਲੇ ਹਫ਼ਤੇ ਕੰਮ ਕਰਦੇ ਸੀ, ਤਾਂ ► **31** 'ਤੇ ਜਾਓ

ਜੇ ਤੁਸੀਂ ਪਿਛਲੇ ਹਫ਼ਤੇ ਕੰਮ ਨਹੀਂ ਕਰਦੇ ਸੀ, ਤਾਂ ► **35** 'ਤੇ ਜਾਓ

**31** ਜਿਸ ਸੰਸਥਾ ਜਾਂ ਕੰਪਨੀ ਲਈ ਤੁਸੀਂ ਆਪਣਾ ਮੁੱਖ ਕੰਮ ਕਰਦੇ ਹੋ ਉਹਦਾ ਪੂਰਾ ਨਾਂ ਕੀ ਹੈ?

- ਨਾਂ ਲਿਖੋ ਜਾਂ ਯੋਗ ਇਕ ਬੋਕਸ ਵਿਚ ✓ ਲਾਓ।
- ਜੇ ਤੁਸੀਂ ਆਪਣਾ ਕਾਰੋਬਾਰ ਕਰਦੇ ਹੋ, ਤਾਂ ਕਾਰੋਬਾਰ ਦਾ ਨਾਂ ਲਿਖੋ।

ਆਪਣਾ ਕੰਮ/ਮਰਜ਼ੀ ਨਾਲ ਕੰਮ　　ਕਿਸੇ ਪ੍ਰਾਈਵੇਟ ਵਿਅਕਤੀ ਲਈ ਕੰਮ

**32** ਜਿਸ ਥਾਂ 'ਤੇ ਤੁਸੀਂ ਆਪਣਾ ਮੁੱਖ ਕੰਮ ਕਰਦੇ ਹੋ ਉਹਦਾ ਪਤਾ ਕੀ ਹੈ?

- ਪਤਾ ਲਿਖੋ ਜਾਂ ਯੋਗ ਇਕ ਬੋਕਸ ਵਿਚ ✓ ਲਾਓ।
- ਜੇ ਤੁਸੀਂ ਕੰਮ ਸ਼ੁਰੂ ਕਰਨ ਲਈ ਪਹਿਲਾਂ ਕਿਸੇ ਡੀਪੋ ਜਾਂਦੇ ਹੋ, ਤਾਂ ਡੀਪੋ ਦਾ ਪਤਾ ਲਿਖੋ।

ਪੋਸਟਕੋਡ

ਜ਼ਿਆਦਾਤਰ ਕੰਮ ਘਰ ਵਿਚ ਜਾਂ ਘਰੋਂ　　ਸਮੁੰਦਰ ਵਿਚ ਕਿਸੇ ਥਾਂ 'ਤੇ　　ਕੋਈ ਪੱਕੀ ਥਾਂ ਨਹੀਂ

**33** ਆਮ ਤੌਰ 'ਤੇ ਤੁਸੀਂ ਕੰਮ 'ਤੇ ਕਿਵੇਂ ਆਉਂਦੇ ਜਾਂਦੇ ਹੋ?

- ਸਿਰਫ਼ ਇਕ ਖ਼ਾਨੇ ਵਿਚ ✓ ਲਾਓ
- ਆਪਣੇ ਕੰਮ 'ਤੇ ਆਮ ਤੌਰ 'ਤੇ ਜਾਣ ਦੇ ਸਫ਼ਰ ਦੇ ਸਭ ਤੋਂ ਦੂਰੀ ਅਨੁਸਾਰ ਲੰਮੇ ਹਿੱਸੇ ਵਾਲੇ ਖ਼ਾਨੇ ਵਿਚ ✓ ਲਾਓ

ਆਮ ਤੌਰ 'ਤੇ ਘਰ ਵਿਚ ਕੰਮ ਕਰਦਾ/ਕਰਦੀ ਹਾਂ

ਟ੍ਰੇਨ

ਬਸ, ਮਿਨੀ ਬਸ ਜਾਂ ਕੋਚ (ਪਬਲਿਕ ਜਾਂ ਪ੍ਰਾਈਵੇਟ)

ਮੋਟਰਸਾਈਕਲ, ਸਕੂਟਰ ਜਾਂ ਮੋਪੈਡ

ਕਾਰ ਜਾਂ ਵੈਨ ਆਪ ਚਲਾ ਕੇ

ਚਲਾਉਣ ਦਾ ਕੰਮ ਵੰਡ ਕੇ ਸਾਂਝੀ ਕਾਰ ਜਾਂ ਵੈਨ ਵਿਚ

ਕਾਰ ਜਾਂ ਵੈਨ ਵਿਚ ਇਕ ਸਵਾਰੀ ਵਜੋਂ

ਟੈਕਸੀ

ਸਾਈਕਲ

ਪੈਦਲ

ਕਿਸੇ ਹੋਰ ਢੰਗ ਨਾਲ

**34** ਆਪਣਾ ਮੁੱਖ ਕੰਮ ਤੁਸੀਂ ਹਫ਼ਤੇ ਵਿਚ ਆਮ ਤੌਰ 'ਤੇ ਕਿੰਨੇ ਘੰਟੇ ਕਰਦੇ ਹੋ?

- ਲਗਭਗ ਪੂਰੇ ਘੰਟੇ ਦੱਸੋ।
- ਪਿਛਲੇ ਚਾਰ ਹਫ਼ਤਿਆਂ ਦੀ ਔਸਤ ਵੀ ਦੱਸੋ।

ਘੰਟਿਆਂ ਦੀ ਗਿਣਤੀ
ਹਫ਼ਤੇ ਵਿਚ ਕੰਮ ਦੇ ਘੰਟੇ

**35** ਵਿਅਕਤੀ 1 ਲਈ ਹੋਰ ਕੋਈ ਸਵਾਲ ਨਹੀਂ।

- ਵਿਅਕਤੀ 2 ਵਾਲੇ ਸਵਾਲਾਂ 'ਤੇ ਜਾਓ।
- ਜੇ ਤੁਹਾਡੇ ਘਰ ਪਰਿਵਾਰ ਵਿਚ ਹੋਰ ਕੋਈ ਨਹੀਂ, ਤਾਂ ਤੁਹਾਨੂੰ ਹੋਰ ਕਿਸੇ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ। ਅਗਲੇ ਸਾਰੇ ਸਫ਼ੇ ਖ਼ਾਲੀ ਰਹਿਣ ਦਿਓ।
- ਇਸ ਫ਼ਾਰਮ ਦੇ ਪਹਿਲੇ ਸਫ਼ੇ ਵਾਲੇ ਐਲਾਨ 'ਤੇ ਦਸਤਖ਼ਤ ਕਰਨਾ ਯਾਦ ਰੱਖੋ।